ੴ



# ਅੰਮ੍ਰਿਤ ਕੀਰਤਨ


ਆਨਰੇਰੀ ਸੰਪਾਦਕ :
**ਡਾ. ਜਾਗੀਰ ਸਿੰਘ**



ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਮੁੱਲ : 10 ਰੁਪਏ ਜੂਨ, 1996

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 6 ਸਾਲ ਅੱਠਵਾਂ ਜੂਨ 1996



ਮਿਤ੍ਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

ਸੁਰ ਤਾਲ ਤੇ ਜ਼ਿੰਦਗੀ
- ਅਵਤਾਰ ਉੱਪਲ 4

ਸਭ ਥਾਈਂ ਹੋਇ ਸਹਾਇ
- ਡਾ. ਜਸਵੰਤ ਸਿੰਘ ਨੇਕੀ 7

ਜਪੁਜੀ ਵਿਚਾਰ
- ਸ੍ਰ ਬੰਤ ਸਿੰਘ 9

ਗੁਰਬਾਣੀ ਕੀਰਤਨ
- ਸੋਹਣ ਸਿੰਘ 11

ਭਾਈ ਸਮੁੰਦ ਸਿੰਘ ਰਾਗੀ
- ਬਲਵੰਤ ਗਾਰਗੀ 13

ਨੋਟੇਸ਼ਨ ਵਾਲੇ ਸਬਦਾਂ ਦੇ ਅਰਥ
- ਪ੍ਰਿੰ ਸਾਹਿਬ ਸਿੰਘ 19

ਸੁਰ ਲਿਪੀ - ਰਾਗ ਸੂਹੀ ਲਲਿਤ
- ਪ੍ਰਿੰ ਸ਼ਮਸ਼ੇਰ ਸਿੰਘ ਕਰੀਰ 21

ਸੰਗੀਤ-ਲਿਪੀ ਚਿੰਨ੍ਹ 23

ਮਹੀਨਾ ਹਾੜ/ਜੂਨ 24



ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.

ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ. ਜੋਤਿੰਦਰ ਸਿੰਘ ਸੋਹਲ
ਸ੍ਰ. ਹਰਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ
ਸ੍ਰ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ



ਚੰਦੇ ਦਾ ਵੇਰਵਾ :

| | |
|---|---|
| ਇਕ ਕਾਪੀ | 10/- |
| ਸਲਾਨਾ | 100/- |
| ਜੀਵਨ ਮੈਂਬਰ | 1000/- |
| ਵਿਦੇਸ਼ ਸਲਾਨਾ | 500/- |
| ਜੀਵਨ ਮੈਂਬਰ | 5000.- |



ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
'ਅੰਮ੍ਰਿਤ45452ਕੀਰਤਨ'



ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 5000 |
| ਕਵਰ ਦੇ ਅੰਦਰਲੇ ਪੰਨੇ | 3000 |
| ਸਧਾਰਨ ਪੂਰਾ ਪੰਨਾ | 2000 |
| ਸਧਾਰਨ ਅੱਧਾ ਪੰਨਾ | 1000 |
| ਸਧਾਰਨ ਚੌਥਾਈ ਪੰਨਾ | 500 |

■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

## ਮਿਤ੍ਰ ਅਸਾਡੜੇ ਸੇਈ .....

❖ ਅੰਮ੍ਰਿਤ ਕੀਰਤਨ ਵਿੱਚ ਪੜ੍ਹਕੇ - ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੱਚੀ ਬਾਣੀ ਗਾਉਣ ਦੇ ਸੰਬੰਧ ਵਿੱਚ ਕੀਰਤਨੀਆਂ ਲਈ ਇੱਕ ਨੋਟਿਸ ਜਾਰੀ ਕੀਤਾ ਹੈ - ਬੜੀ ਪ੍ਰਸੰਨਤਾ ਹੋਈ । ਅੱਜ ਕਲ੍ਹ ਦੇ ਰਾਗੀ ਸਿੰਘ ਤਾਂ ਫਿਲਮੀ ਤਰਜ਼ਾਂ ਤੇ ਗੁਰਬਾਣੀ ਗਾ ਕੇ ਗੁਰਬਾਣੀ ਦੀ ਬੇਅਦਬੀ ਕਰ ਰਹੇ ਹਨ। ਇਸ ਸੰਬੰਧ ਜਾਗ੍ਰਤੀ ਲਿਆਉਣ ਵਿੱਚ 'ਅੰਮ੍ਰਿਤ ਕੀਰਤਨ' ਵਿਸ਼ੇਸ਼ ਰੋਲ ਅਦਾ ਕਰ ਸਕਦਾ ਹੈ । ਵਾਹਿਗੁਰੂ ਕਿਰਪਾ ਕਰੇ ਇਸ ਮਾਸਕ-ਪੱਤਰ ਦੁਆਰਾ ਤੁਹਾਡੇ ਅਰੰਭੇ ਹੋਏ ਗੁਰਮਤ ਅਤੇ ਕੀਰਤਨ ਦੇ ਪ੍ਰਚਾਰ ਨੂੰ ਚੜ੍ਹਦੀ ਕਲਾ ਵਿੱਚ ਲਿਜਾਵੇ ।

**ਚੀਮਾਂ, ਜ਼ਿਲਾ ਸੰਗਰੂਰ** — **ਉਸਤਾਦ ਸੁਰਜੀਤ ਸਿੰਘ**
**ਗੁ: ਜਨਮ ਅਸਥਾਨ**

❖ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ ਦੀ ਤਰਤੀਬ ਅਨੁਸਾਰ ਸ਼ਬਦਾਂ ਦੀਆਂ ਸੁਰ ਲਿਪੀਆਂ ਤਿਆਰ ਕਰਕੇ ਸੈਂਚੀਆਂ ਛਾਪੀਆਂ ਜਾਣੀਆਂ ਚਾਹੀਦੀਆਂ ਹਨ । ਇਸ ਕਾਰਜ ਵਿੱਚ 'ਅੰਮ੍ਰਿਤ ਕੀਰਤਨ' ਨੂੰ ਪਹਿਲ ਕਰਨੀ ਚਾਹੀਦੀ ਹੈ ।

**ਰਾਏਕੋਟ** — **ਅੰਜਨਜੀਤ ਕੌਰ ਖੈਰਾ**

❖ ਅਪ੍ਰੈਲ ਅੰਕ ਵਿੱਚ ਪ੍ਰੋ. ਕਰਤਾਰ ਸਿੰਘ ਹੁਸ਼ਿਆਰਪੁਰ ਵਾਲਿਆਂ ਬਾਰੇ, ਪ੍ਰੋ. ਗੁਰਚਰਨ ਸਿੰਘ ਚਰਨ ਬਾਰੇ ਲੇਖ ਨਿਵੇਕਲੇ ਸਨ । ਡਾ. ਸੁਰਜੀਤ ਸਿੰਘ ਕੁੰਜਾਹੀ ਦਾ ਲੇਖ 'ਸਾਧ ਸੰਗਤ' ਬੜਾ ਭਾਵਪੂਰਤ ਸੀ । ਪ੍ਰਿੰ. ਦਿਆਲ ਸਿੰਘ ਦੀ ਬੰਦਸ਼ ਰਾਗ ਬਿਲਾਵਲ-ਬੜੀ ਸਰਲ ਸੀ । ਇਸ ਤਰ੍ਹਾਂ ਦੀਆਂ ਬੰਦਸ਼ਾਂ ਦਿਆ ਕਰੋ । ਮੈਗਜ਼ੀਨ ਦੀ ਦਿੱਖ ਸ਼ਲਾਘਾਯੋਗ ਹੈ ।

**ਮਲੋਟ** — **ਪ੍ਰੋ. ਮੰਗਤ ਸਿੰਘ ਮਸਤਾਨਾ**

❖ ਗੁਰੂ ਮਹਾਰਾਜ ਦੀ ਆਪ ਤੇ ਬਹੁਤ ਕਿਰਪਾ ਹੈ ਜੋ ਆਪ ਇਸ ਸੇਵਾ ਵਿੱਚ ਜੁਟੇ ਹੋਏ ਹੋ । ਸਾਡੀ ਅਰਦਾਸ ਹੈ ਗੁਰੂ ਆਪ ਨੂੰ ਹੋਰ ਬਲ ਬਖਸ਼ੇ ਤਾਂ ਜੋ ਸਿੱਖ ਸੰਗਤ ਆਪ ਦੀ ਸੇਵਾ ਦਾ ਹੋਰ ਲਾਭ ਪ੍ਰਾਪਤ ਕਰ ਸਕੇ ।

**ਮੁਹਾਲੀ** — **ਹਰਕੀਰਤ ਸਿੰਘ**

❖ 'ਅੰਮ੍ਰਿਤ ਕੀਰਤਨ' ਸਹੀ ਅਰਥਾਂ ਵਿੱਚ ਗੁਰਬਾਣੀ ਅਤੇ ਕੀਰਤਨ ਦਾ ਪ੍ਰਚਾਰ ਕਰ ਰਿਹਾ ਹੈ । ਵਾਹਿਗੁਰੂ ਇਸ ਨੂੰ ਅਤੇ ਆਪ ਨੂੰ ਚੜ੍ਹਦੀ ਕਲਾ ਬਖਸ਼ੇ ਅਤੇ ਹਰ ਪ੍ਰਾਣੀ ਮਾਤਰ ਨੂੰ ਇਸ ਦਾ ਨਿੱਘ ਮਿਲਦਾ ਰਹੇ ।

**ਪਟਿਆਲਾ** — **ਡਾ. ਸਤਨਾਮ ਸਿੰਘ**

❖ 'ਅੰਮ੍ਰਿਤ ਕੀਰਤਨ' ਕੀਰਤਨ ਦੇ ਸਿਖਿਆਰਥੀਆਂ ਲਈ ਇਹ ਉਤਮ ਉਪ੍ਰਾਲਾ ਹੈ । ਸਤਿਗੁਰੂ ਬਖਸ਼ਸ਼ ਕਰੇ ਤੇ ਇਹ ਮੈਗਜ਼ੀਨ ਸਦਾ ਚੜ੍ਹਦੀ ਕਲਾ ਵਿੱਚ ਜਾਵੇ ।

**ਅੰਮ੍ਰਿਤਸਰ** — **ਗੁਰਬਚਨ ਸਿੰਘ ਚਾਂਦ**

❖ 'ਅੰਮ੍ਰਿਤ ਕੀਰਤਨ' ਵਿੱਚ ਛਪੇ ਲੇਖ ਸੋਚ ਨੂੰ ਟੁੰਬਣ ਵਾਲੇ, ਅਧਿਆਤਮਕ ਅਤੇ ਸਿਖਿਆਦਾਇਕ ਹੁੰਦੇ ਹਨ ।

**ਨਵੀਂ ਦਿੱਲੀ** — **ਹਰਜੋਤ ਸਿੰਘ ਮਕੜ**
**ਮੈਨੇਜਰ, ਪੰਜਾਬ ਸਿੰਧ ਬੈਂਕ**

❖ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਆਪ ਨੂੰ ਬਲ ਅਤੇ ਬੁਧੀ ਬਖਸ਼ੇ ਤਾਂ ਜੋ ਆਪ ਇਸੇ ਤਰ੍ਹਾਂ ਪੰਥ ਦੀ ਸੇਵਾ ਕਰਦੇ ਰਹੋ । ਪ੍ਰੋ. ਕਰਤਾਰ ਸਿੰਘ ਜੀ ਦੀ ਜੀਵਨੀ ਪ੍ਰੇਰਨਾ ਦਾਇਕ ਹੈ ।

**ਸੇਰੋਂ ਜਿਲਾ ਸੰਗਰੂਰ** — **ਹਰਮੇਸ਼ ਸਿੰਘ ਕਲਸੀ**

❖ 'ਅੰਮ੍ਰਿਤ ਕੀਰਤਨ' ਲਗਾਤਾਰ ਸਾਨੂੰ ਗਿਆਨ ਦੇ ਰਿਹਾ ਹੈ ।

**ਗੁਰੂ ਤੇਗ ਬਹਾਦਰ ਗਰਲਜ਼ ਖਾਲਸਾ ਸਕੂਲ**
**ਲੋਦੀ ਰੋਡ, ਨਵੀਂ ਦਿੱਲੀ** — **ਪ੍ਰਿੰਸੀਪਲ**

❖ 'ਅੰਮ੍ਰਿਤ ਕੀਰਤਨ' ਰਸਾਲੇ ਰਾਹੀਂ ਤੁਸੀਂ ਗੁਰਮਤਿ ਸੰਗੀਤ ਦੀ ਜੋ ਸੇਵਾ ਕਰ ਰਹੇ ਹੋ ਉਹ ਬੜੀ ਸ਼ਲਾਘਾਯੋਗ ਹੈ । ਗੁਰਮਤ ਸੰਗੀਤ ਦੇ ਖੇਤਰ ਵਿੱਚ ਨਾ ਕੇਵਲ ਵਿਦਿਆਰਥੀਆਂ ਸਗੋਂ ਸੰਗੀਤਕਾਰਾਂ ਦੀ ਜਾਣਕਾਰੀ ਲਈ ਵੀ ਇਹ ਰਸਾਲਾ ਬੇਹਦ ਲਾਭਦਾਇਕ ਹੈ । ਮੇਰੀ ਸ਼ੁਭਕਾਮਨਾ ਹੈ ਕਿ ਇਹ ਮਾਸਕ-ਪੱਤਰ ਸੰਗੀਤ ਜਗਤ ਵਿੱਚ ਚਾਨਣ ਮੁਨਾਰੇ ਵਾਂਗ ਸਦਾ ਅਗਵਾਈ ਕਰਦਾ ਰਹੇ ।

**ਪਟਿਆਲਾ** — **ਪ੍ਰਿੰਸੀਪਲ ਐਸ.ਐਸ. ਕਰੀਰ**

ਕੌਰਤੁ ਧੰਨਤੀਆ...

## ਗੰਢੇਦਿਆਂ ਛਿਅ ਮਾਹੁ ਤੁੜੰਦਿਆ ਹਿਕੁ ਖਿਨੋ

ਕੁਦਰਤ ਵਿੱਚ ਹਰ ਵੇਲੇ ਉਸਰਨ ਅਤੇ ਢਹਿਣ ਦੀ ਪ੍ਰਕਿਰਿਆ ਨਿਰੰਤਰ ਚਲਦੀ ਰਹਿੰਦੀ ਹੈ । ਸਿਆਣਿਆਂ ਨੇ ਤਾਂ 'ਬ੍ਰਹਮਾ' ਸਿਰਜਣ ਕਰਨ ਵਾਲਾ, ਵਿਸ਼ਣੂ ਪਾਲਣਾ ਕਰਨ ਵਾਲਾ ਅਤੇ ਸ਼ਿਵ ਜੀ ਨੂੰ ਨਾਸ ਕਰਨ ਵਾਲਾ ਦੇਵਤਾ ਮੰਨਿਆ ਹੈ । ਕੁਦਰਤ ਵਿੱਚ ਇਸ ਵਰਤਾਰੇ ਵਿੱਚੋਂ ਇੱਕ ਵੀ ਰੁਕ ਜਾਵੇ ਤਾਂ ਕੁਦਰਤ ਦਾ ਵਿਕਾਸ ਰੁਕ ਜਾਂਦਾ ਹੈ ।

ਮਨੁੱਖੀ ਚੇਤਨਾ ਵਿੱਚ ਸਿਰਜਣ ਅਤੇ ਪਾਲਣ ਦੀ ਪ੍ਰਕਿਰਿਆ ਵਿੱਚ ਵਧੇਰੇ ਸਮਾਂ ਲਗਦਾ ਹੈ ਪਰ ਢਹਿਣ ਵਿੱਚ ਇੱਕ ਪਲ ਹੀ ਲਗਦਾ ਹੈ । ਮਨੁੱਖ ਦੇ ਜਨਮ ਵਿੱਚ ਵਧੇਰੇ ਸਮਾਂ ਲਗਦਾ ਪਰ ਮੌਤ ਤਾਂ ਅਚਿੰਤੇ ਬਾਜ਼ ਵਾਂਗ ਆ ਜਾਂਦੀ ਹੈ । ਸਾਡੇ ਸਾਹਮਣੇ ਭੁਚਾਲ ਆਦਿ ਨਾਲ ਸਾਲਾਂ ਵਿੱਚ ਬਣੀਆਂ ਇਮਾਰਤਾਂ ਪਲਾ ਵਿੱਚ ਢਹਿ ਜਾਂਦੀਆਂ ਹਨ ।

ਮਨੁੱਖ ਹਰ ਵੇਲੇ ਕੁਝ ਨਾ ਕੁਝ ਕਰਨਾ ਤਾਂ ਚਾਹੁੰਦਾ ਹੈ । ਕਈ ਵਾਰ ਉਸ ਦਾ ਮਨ ਜਦੋਂ ਉਸਾਰੀ ਵਾਲੇ ਪਾਸੇ ਨਹੀਂ ਲਗਦਾ ਤਾਂ ਉਹ ਢਾਹੁਣ ਵਾਲੇ ਪਾਸੇ ਆ ਜਾਂਦਾ ਹੈ । ਅਨੇਕਾਂ ਸਿਆਣੇ-ਬਿਆਣੇ ਵਿਅਕਤੀ ਆਪਣੀ ਲਿਆਕਤ ਅਤੇ ਸ਼ਕਤੀ ਨੂੰ ਉਸਾਰੀ ਵਾਲੇ ਪਾਸੇ ਲਾਉਣ ਦੀ ਥਾਂ ਢਾਹੁਣ ਵਾਲੇ ਪਾਸੇ ਲਾ ਕੇ ਆਪਣੀ ਹੋਂਦ ਜਤਾਣਾ ਚਾਹੁੰਦੇ ਹਨ ।

ਬੋਰਡਾਂ, ਕਾਰਪੋਰੇਸ਼ਨਾਂ, ਯੂਨੀਵਰਸਟੀਆਂ ਵਿੱਚ ਚੇਅਰਮੈਨ ਅਤੇ ਵਾਈਸ ਚਾਂਸਲਰ ਅਕਸਰ ਬਦਲਦੇ ਰਹਿੰਦੇ ਹਨ । ਬਹੁਤੀ ਵਾਰੀ ਨਵਾਂ ਆਇਆ ਅਧਿਕਾਰੀ ਪੁਰਾਣੇ ਅਧਿਕਾਰੀ ਦੀ ਕੀਤੀ ਉਸਾਰੀ ਨੂੰ ਕੈਰੀ ਅੱਖ ਨਾਲ ਵੇਖਦਾ ਹੈ ਤੇ ਉਸ ਨੂੰ ਢਾਹੁਣ ਦਾ ਜਤਨ ਕਰਨ ਲੱਗ ਪੈਂਦਾ ਹੈ ਕਿਉਂਕਿ ਇਸ ਵਿੱਚ ਬਹੁਤੀ ਸ਼ਕਤੀ ਅਤੇ ਸਿਆਣਪ ਲਾਉਣ ਦੀ ਲੋੜ ਨਹੀਂ ਪੈਂਦੀ । ਇਸ ਸਮੇਂ ਕਈ ਆਪਣੇ ਆਪ ਨੂੰ ਵਿਦਵਾਨ ਅਖਵਾਉਣ ਵਾਲੇ ਅਧਿਕਾਰੀ ਉਸ ਨਾਲ ਮਿਲ ਕੇ ਅਜਿਹਾ ਕੰਮ ਕਰ ਲੈਂਦੇ ਹਨ ਕਿ ਪੈਰ ਕੁਹਾੜੀ ਮਾਰਨ ਵੱਲ ਗੱਲ ਬਣ ਜਾਂਦੀ ਹੈ ।

ਪੰਜਾਬ ਵਿੱਚ ਸੰਗੀਤ ਵਿਸ਼ੇ ਦੀ ਸਥਿਤੀ ਤਰਸਯੋਗ ਹੈ । ਮੈਟ੍ਰਿਕ ਸ਼੍ਰੇਣੀਆਂ ਵਿੱਚ ਇਹ ਵਿਸ਼ਾ ਘੱਟ ਮਹੱਤਤਾ ਵਾਲੇ ਐਸ.ਯੂ.ਪੀ. ਡਬਲਿਊ. ਵਿਸ਼ਿਆਂ ਵਿੱਚ ਰੱਖਿਆ ਹੋਇਆ ਅਤੇ ਕੇਵਲ ਨੇਤਰਹੀਣ ਵਿਦਿਆਰਥੀਆਂ ਲਈ ਹੈ । ਤੀਹ ਚਾਲੀ ਸਾਲਾਂ ਤੋਂ ਪੰਜਾਬ ਵਿੱਚ ਗੁਰਬਾਣੀ ਸੰਗੀਤ ਨੂੰ ਵੱਖਰੇ ਵਿਸ਼ੇ ਵਜੋਂ ਪੜ੍ਹਾਉਣ ਦੇ ਜਤਨ ਕੀਤੇ ਜਾ ਰਹੇ ਸਨ । ਅਨੇਕਾਂ ਵਿਦਿਆਰਥੀਆਂ ਨੇ ਇਸ ਵਿਸ਼ੇ ਤੇ ਪੀ.ਐਚ.ਡੀ. ਅਤੇ ਐਮ.ਫਿਲ. ਦੇ ਥੀਸਸ ਲਿਖ ਕੇ ਡਿਗਰੀਆਂ ਪ੍ਰਾਪਤ ਕੀਤੀਆਂ । ਬੜੀਆਂ ਕੋਸ਼ਿਸ਼ਾਂ ਅਤੇ ਮਿਹਨਤਾਂ ਨਾਲ ਪਹਿਲਾਂ ਇਹ ਵਿਸ਼ਾ ਗਿਆਰਵੀਂ ਅਤੇ ਬਾਰਵੀਂ ਸ਼੍ਰੇਣੀ ਵਿੱਚ ਲਾਗੂ ਹੋਇਆ । ਫਿਰ ਇਸ ਦੇ ਕੁਝ ਪੇਪਰ ਬੀ.ਏ. ਸ਼੍ਰੇਣੀਆਂ ਵਿੱਚ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਐਮ.ਏ. ਪੱਧਰ ਤੇ ਲਾਗੂ ਕੀਤਾ ਗਿਆ । ਪਰ ਹਿੰਦੁਸਤਾਨੀ ਸੰਗੀਤ ਦੇ ਕੁਝ ਸੰਕਰੀਨ ਦ੍ਰਿਸ਼ਟੀ ਨਾਲੇ ਵਿਦਵਾਨਾਂ ਨੂੰ ਇਸ ਵਿਸ਼ੇ ਨਾਲ ਹਮੇਸ਼ਾਂ ਚਿੜ੍ਹ ਰਹੀ ਹੈ । ਉਹ ਬੰਗਾਲ ਵਿੱਚ ਰਾਬਿੰਦਰ ਨਾਥ ਟੈਗੋਰ ਦੇ ਤਿਆਰ ਕੀਤੇ ਸੰਗੀਤ ਨੂੰ 'ਰਾਬਿੰਦਰ ਸੰਗੀਤ' ਵਜੋਂ ਤਾਂ ਮਾਨਤਾ ਦਿੰਦੇ ਹਨ ਪਰ ਸਦੀਆਂ ਪੁਰਾਣੇ 'ਗੁਰਮਤ ਸੰਗੀਤ' ਨੂੰ ਮਾਨਤਾ ਦੇਣ ਲਈ ਤਿਆਰ ਨਹੀਂ । ਹਾਲਾਂਕਿ ਇਹ ਸੰਗੀਤ ਅਜੋਕੇ ਹਿੰਦੁਸਤਾਨੀ ਸੰਗੀਤ ਤੋਂ ਕਿਤੇ ਪੁਰਾਣਾ ਹੈ । ਇਹ ਵਿਦਵਾਨ ਗੁਰਮਤ ਸੰਗੀਤ ਸੰਬੰਧੀ ਉਸਾਰੇ ਪਾਠ-ਕ੍ਰਮਾਂ ਨੂੰ ਢਾਹੁਣ ਵਿੱਚ ਬੜੀ ਫੁਰਤੀ ਦਿਖਾ ਰਹੇ ਹਨ । ਸੰਗੀਤ ਦੇ ਸੁਹਿਰਦ ਵਿਦਵਾਨਾਂ ਨੂੰ ਇਹਨਾਂ ਜਤਨਾਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ ।

# ਸੁਰ ਤਾਲ ਤੇ ਜ਼ਿੰਦਗੀ

ਅਵਤਾਰ ਉੱਪਲ

'ਇਨਸਾਨੀ ਵਤੀਰੇ ਅਤੇ ਖਾਸ ਕਰਕੇ ਸੰਸਾਰ ਬਾਰੇ ਸੋਚਣੀ ਦੇ ਤੌਰ-ਤਰੀਕੇ, ਸਭ ਨਾਚ ਅਤੇ ਗੀਤਾਂ ਦਾ ਹੀ ਚਮਤਕਾਰ ਹਨ।'

ਜੌਨ ਬਲੇਕਿੰਗ

ਸੁਰ ਅਤੇ ਤਾਲ ਜ਼ਿੰਦਗੀ ਦੇ ਹਰ ਪੜਾਅ ਅਤੇ ਹਰ ਪਹਿਲੂ ਤੇ ਪ੍ਰਭਾਵ ਪਾਉਂਦੇ ਹਨ। ਦਰਅਸਲ ਇਨਸਾਨ ਦੀ ਸਮੁੱਚੀ ਜ਼ਿੰਦਗੀ ਹੀ ਜਨਮ ਤੋਂ ਮਰਨ ਤੱਕ ਲੈਅ ਅਤੇ ਸੁਰ - ਤਾਲ ਦੀਆਂ ਵੱਖਰੀਆਂ - ਵੱਖਰੀਆਂ ਤਾਸੀਰਾਂ ਚੱਖਦੀ ਬੀਤਦੀ ਰਹਿੰਦੀ ਹੈ। ਸੁਰ, ਰੰਗਾਂ ਦੀ ਤਰ੍ਹਾਂ ਦਿੱਸਦੇ ਨਹੀਂ। ਇਹ ਮਨ ਦੇ ਰਖਨਿਆਂ 'ਚ ਵੱਧਦੇ-ਫੁਲਦੇ ਰਹਿੰਦੇ ਹਨ ਪਰ ਜ਼ਿੰਦਗੀ ਦੀ ਹਰ ਹਭੀ-ਨਭੀ ਨੂੰ ਰੰਗਾਂ ਤੋਂ ਵੱਧ ਸੂਖਮਤਾ ਨਾਲ ਚਿਤਰਦੇ ਹਨ। ਮਾਂ, ਪੁੱਤ ਨੂੰ ਲੋਰੀਆਂ ਦੇਂਦੀ ਹੈ, ਵਿਆਹ ਸਮੇਂ ਘੋੜੀਆਂ ਗਾਉਂਦੀ ਹੈ। ਉਹੋ ਮਾਂ, ਪੁੱਤ ਦੀ ਬੇ-ਵਕਤ ਮੌਤ ਦੇ ਗਮ ਨੂੰ ਬਾਹਰ ਕੱਢਣ ਲਈ ਅਲਾਹੁਣੀਆਂ ਵੀ ਦੇਂਦੀ ਹੈ। ਬੋਇਥੀਅਸ ਦੇ ਕਹਿਣ ਅਨੁਸਾਰ, 'ਸੰਗੀਤ ਸਾਡੇ ਨਾਲ ਏਨਾ ਜੁੜਿਆ ਹੋਇਆ ਹੈ ਕਿ ਚਾਹੁਣ ਤੇ ਬਾਵਜੂਦ ਵੀ ਅਸੀਂ ਇਸ ਤੋਂ ਲਾਂਭੇ ਨਹੀਂ ਰਹਿ ਸਕਦੇ।'

ਭਾਵੇਂ ਦੂਜੀਆਂ ਲਲਿਤ ਕਲਾਵਾਂ ਵੀ ਜੀਵਨ ਦੇ ਹਰ ਉਤਰਾਅ-ਚੜ੍ਹਾਅ ਨੂੰ ਪੇਸ਼ ਕਰਦੀਆਂ ਹਨ ਪਰ ਸੰਗੀਤ ਦੂਜੀਆਂ ਕਲਾਵਾਂ ਨਾਲੋਂ ਵੱਖਰੀ ਥਾਂ ਰੱਖਦਾ ਹੈ। ਝੀਲ ਕਿਨਾਰੇ ਪੌਪਲਰਾਂ ਦਾ ਸੁੰਦਰ ਦ੍ਰਿਸ਼ ਪਹਾੜੀ ਉਹਲੇ ਛਕਿਆ ਜਾਂਦਾ ਹੈ, ਪਰ ਘੋੜਾ-ਗੱਡੀ 'ਚ ਮਸਤ ਜਿਪਸੀਆਂ ਦੀ ਵੱਜ ਰਹੀ ਗਿਟਾਰ ਅਤੇ ਅਕੌਰਡੀਅਨ ਦੀ ਆਵਾਜ਼, ਪਹਾੜੋਂ ਉਹਲੇ ਵੀ ਦੂਰ-ਦੂਰ ਤੀਕ ਸੁਣਾਈ ਦੇਂਦੀ ਰਹਿੰਦੀ ਹੈ। ਗਹੁ ਨਾਲ ਸੁਣਿਆਂ ਪਤਾ ਲੱਗਦਾ ਹੈ ਕਿ ਸਵੇਰ ਤੋਂ ਸ਼ਾਮ ਤੱਕ ਸਾਰੀ ਕੁਦਰਤ ਹੀ ਵੱਖਰੀਆਂ - ਵੱਖਰੀਆਂ ਆਵਾਜ਼ਾਂ ਨਾਲ ਭਰੀ ਰਹਿੰਦੀ ਹੈ। ਬੇਂਗੀਆਂ, ਬੇਸੁਰੀਆਂ ਆਵਾਜ਼ਾਂ ਕੰਨਾ ਨੂੰ ਚੁੱਭਦੀਆਂ ਹਨ। ਸੁਰੀਲੀਆਂ ਮਿੱਠੀਆਂ ਆਵਾਜ਼ਾਂ ਹਿਰਦੇ 'ਚ ਸਕੂਨ, ਆਸ ਅਤੇ ਉਤਸ਼ਾਹ ਭਰਦੀਆਂ ਹਨ। ਯੂ.ਪੀ. ਦੇ ਪੂਰਬੀ ਲੋਕਾਂ ਦਾ ਇਕ ਗੀਤ ਹੈ, "ਭੋਰ ਭਈ ਬਨ ਪੰਛੀ ਬੋਲੇ,

ਨਭ ਮੇਂ ਸੂਰਜ ਨਵਰੰਗ ਲਾਏ।

ਸਵੇਰੇ ਸਵੇਰੇ ਪੰਛੀਆਂ ਦੀਆਂ ਮਿੱਠੀਆਂ-ਮਿੱਠੀਆਂ ਆਵਾਜ਼ਾਂ, ਕੂਲਾਂ, ਝਰਨਿਆਂ 'ਚ ਵਗਦੇ ਪਾਣੀਆਂ ਦੀਆਂ ਸੁਰ ਹੋਏ ਤਾਨਪੁਰੇ ਜਿਹੀਆਂ ਆਵਾਜ਼ਾਂ, ਦਿਨ ਦੇ ਚੜ੍ਹਾਅ ਨਾਲ ਦਰਿਆਵਾਂ, ਸਮੁੰਦਰਾਂ 'ਚ ਬੇੜੀਆਂ ਠੇਲਦੇ ਮਲਾਹਾਂ ਦੇ ਚੱਪੂਆਂ ਦੀ ਤਾਲ ਅਤੇ ਸੂਈਆਂ-ਗਧੂਈਆਂ ਅਤੇ ਚਰਮਖਾਂ ਵੇਚਣ ਵਾਲੀਆਂ ਦੀਆਂ ਆਵਾਜ਼ਾਂ (ਜਿਹੜੀਆਂ ਹੁਣ ਰੈਡੀਮੇਡ ਕੱਪੜਿਆਂ ਨੇ ਖੋਹ ਲਈਆਂ ਹਨ) ਜ਼ਿੰਦਗੀ ਦੀ ਸੁਹੱਪਣ ਦੇ ਸੁਰ ਹਨ। ਨਿਊਜ਼ੀਲੈਂਡ, ਕੇਨੈਡਾ, ਜਮਾਇਕਾ ਅਤੇ ਸਵਿਟਜ਼ਰਲੈਂਡ ਵਿਚ ਕੁਝ ਸਾਲ ਪਹਿਲਾਂ ਹੋਏ ਸਰਵੇਖਣ ਤੋਂ ਇਹ ਸਾਬਤ ਹੋਇਆ ਹੈ ਕਿ ਲੋਕਾਂ ਦੀ ਬਹੁਤ ਭਾਰੀ ਗਿਣਤੀ ਨੇ ਦਰਿਆਵਾਂ, ਕੂਲ੍ਹਾਂ ਅਤੇ ਝਰਨਿਆਂ ਦੇ ਵਗਦੇ ਪਾਣੀਆਂ ਦਾ ਆਨੰਦ ਮਾਣਿਆ ਹੈ ਬਦਕਿਸਮਤੀ ਨਾਲ ਕੰਨਾਂ ਤੋਂ ਬੋਲਾ ਇਨਸਾਨ, ਸੰਗੀਤ ਰਸ ਤੋਂ ਵਾਂਝਿਆਂ ਰਹਿ ਜਾਂਦਾ ਹੈ। ਉਹ ਕਈਂ ਤਰਾਂ ਦੇ ਭੁਲੇਖਿਆਂ ਅਤੇ ਭਰਮਾਂ ਦਾ ਸ਼ਿਕਾਰ ਵੀ ਬਣਿਆ ਰਹਿੰਦਾ ਹੈ।

ਆਮ ਖਿਆਲ ਕੀਤਾ ਜਾਂਦਾ ਹੈ ਕਿ ਨੇਤਰ-ਹੀਣ ਦੀ ਕੰਨ-ਰਸ ਦੀ ਪਕੜ ਦੂਜਿਆਂ ਨਾਲੋ ਵੱਧ ਹੁੰਦੀ ਹੈ। ਜਿਸ ਤਰ੍ਹਾਂ ਅਸੀਂ ਪੰਜਾਬੀ ਕਹਿ ਦਿੰਦੇ ਹਾਂ ਕਿ ਅੰਨ੍ਹੇ ਦੀ ਇਕ ਰਗ ਵਾਧੂ ਹੁੰਦੀ ਹੈ। ਜੁਆਨ ਸਿਪਾਹੀ ਦੀ ਵਿਧਵਾ ਦੀਆਂ ਆਹਾਂ, ਭੁੱਖੇ-ਨੰਗੇ ਬੱਚਿਆਂ ਦੀਆਂ ਵਿਲ੍ਹਕਣੀਆਂ 'ਚ ਵੀ ਸੁਰ ਹੁੰਦੇ ਹਨ ਪਰ ਦਰਦ ਤੇ ਰਹਿਮ -ਦਿਲੀ ਤੋਂ ਬਿਨਾਂ ਸੁਰ ਦੀ ਹੋਂਦ ਨੂੰ ਟੋਹਣਾ ਮੁਸ਼ਕਲ ਹੁੰਦਾ ਹੈ ਜਿਸ ਤਰ੍ਹਾਂ ਇਨਸ਼ਾਹ ਜੀ ਦਾ ਇਕ ਸ਼ੇਅਰ ਹੈ, 'ਵਹਿਸ਼ੀ ਕਾ ਸਕੂੰ ਸੇ ਕਿਆ ਮਤਲਬ' ਸੁਰ 'ਚ ਏਨੀ ਤਾਕਤ ਹੁੰਦੀ ਹੈ ਕਿ ਵੈਰੀ ਦੀ ਤਣੀ ਹੋਈ. ਤਲਵਾਰ ਢਿੱਲੀ ਹੋ ਜਾਂਦੀ ਹੈ। ਸੁਰ ਦ੍ਰਿਸ਼ ਨੂੰ ਉਘਾੜਨ ਲਈ ਵੀ ਵਰਤੇ ਜਾਂਦੇ ਹਨ, ਜਿਵੇਂ ਸੱਪ ਦਾ ਡੰਗ ਮਾਰਨਾ, ਬਘਿਆੜ ਦਾ ਮਿਰਗ ਪਿੱਛੇ ਦੌੜਨਾ, ਚਿਰਾਂ ਤੋਂ ਵਿਛੜੇ ਪ੍ਰੇਮੀਆ ਦੀ ਅਚਾਨਕ ਮਿਲਣੀ, ਪੰਛੀਆਂ ਦਾ ਨਵੇਂ ਜਨਮੇਂ ਬੋਟਾਂ ਦੀਆਂ ਚੁੰਝਾਂ 'ਚ ਚੋਗਾ ਪਾਉਣ' ਪਿਛੇ ਵਜ ਰਹੀਆਂ ਢੁਕਵੀਆਂ ਸੰਗੀਤ ਦੀਆਂ ਸੁਰਾਂ ਦ੍ਰਿਸ਼ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦੀਆਂ ਹਨ। ਯੂਨਾਨੀ ਨੇਤਰ-ਹੀਣ ਕਵੀ ਹੋਮਰ ਦੀ ਕਵਿਤਾ ਦਾ ਪਹਿਲੇ ਸਮਿਆਂ 'ਚ ਏਨਾ ਪ੍ਰਸਿੱਧ ਹੋਣ ਦਾ ਇਕ ਰਾਜ਼ ਇਹ

ਵੀ ਸੀ ਕਿ ਉਸ ਦੀ ਕਵਿਤਾ ਲਾਇਰ (ਪਹਿਲੇ ਸਮੇ ਦਾ ਤਾਰਾਂ ਵਾਲਾ ਇਕ ਸਾਜ਼) ਨਾਲ ਗਾਈ ਜਾਂਦੀ ਸੀ। ਮੀਰ, ਗਾਲਿਬ, ਸਾਹਿਰ ਅਤੇ ਫੈਜ਼ ਦੀ ਸ਼ਾਇਰੀ, ਕਿਤਾਬਾਂ ਦੇ ਪੰਨਿਆਂ 'ਚ ਹੀ ਸੁੰਗੜੀ ਰਹਿੰਦੀ ਜੇਕਰ ਉਸ ਨੂੰ ਸੁਰ ਦੀ ਛੋਹ ਪ੍ਰਾਪਤ ਨਾ ਹੁੰਦੀ।

ਸੰਗੀਤ ਦੀ ਦੂਜੀਆਂ ਲਲਿਤ ਕਲਾਵਾਂ ਨਾਲੋਂ ਇਕ ਹੋਰ ਖੂਬੀ ਇਹ ਹੈ ਕਿ ਇਹ ਜ਼ਿੰਦਗੀ ਦੀ ਹਰ ਕੁਤੱਤਣ, ਬੇਢੰਗੀ ਅਤੇ ਬੇਰੂਪੀ ਸ਼ੈਅ ਦਾ ਖੜ੍ਹੇ ਪੈਰ ਵਿਰੋਧ ਕਰਦਾ ਹੈ। ਮਾਨਸਿਕ ਤਣਾਓ ਅਤੇ ਗਮ ਨੂੰ ਬਾਹਰ ਕੱਢਣ ਲਈ ਸੰਗੀਤ ਤੋਂ ਵਧੀਆ ਹੋਰ ਕੋਈ ਵਸੀਲਾ ਨਹੀਂ :

'ਜਬ ਦਿਲ ਕੋ ਸਤਾਏ ਗਮ,<br>ਛੇੜ ਸਖੀ ਸਰਗਮ।

ਦੁਨੀਆਂ ਦੇ ਸਾਰੇ ਸੰਗੀਤ ਵਿੱਚ ਇਕਸਾਰਤਾ ਦੀ ਸਾਂਝ ਹੈ। ਹਿੰਦੋਸਤਾਨੀ ਸੰਗੀਤ ਇਕਸਾਰਤਕ ਹੁੰਦਿਆਂ ਹੋਇਆਂ ਤਾਲ ਬੰਧਕ ਵੀ ਹੈ। ਘੋੜੇ ਅਤੇ ਡਾਚੀ ਦੀ ਚਾਲ 'ਚ ਇਕ ਅਜੀਬ ਰਸ ਪਾਇਆ ਜਾਂਦਾ ਹੈ। ਇਹ ਕਹਿਣਾ ਇਕ ਵੱਡੀ ਭੁੱਲ ਹੋਵੇਗੀ ਕਿ ਹਿੰਦੋਸਤਾਨੀ ਸੰਗੀਤ ਸਭ ਤੋਂ ਵਧੀਆ ਅਤੇ ਬਾਕੀ ਸਾਰੀ ਦੁਨੀਆ ਦੇ ਸੰਗੀਤ ਘਟੀਆ ਹਨ। ਇਨਸਾਨ ਨੇ ਆਵਾਜਾਈ ਦਾ ਸਾਧਨ 'ਚ ਵੀ ਤਬਦੀਲੀ ਲਿਆਂਦੀ ਹੈ।

ਪੂਰਬੀ ਅਤੇ ਪੱਛਮੀ ਸਾਜ਼ਾਂ ਦੀ ਮਿਲਾਵਟ ਨਾਲ ਵਧੀਆਂ ਤਜਰਬੇ ਹੋ ਰਹੇ ਹਨ। ਸੰਗੀਤ ਆਪਣੀ ਅਲੱਗ ਸਭਿਆਚਾਰਕ ਪਛਾਣ ਰੱਖਦਾ ਹੋਇਆ ਵੀ ਕੌਮਾਂ, ਫਿਰਕਿਆਂ ਅਤੇ ਦੇਸ਼ਾਂ ਵਿਚਕਾਰ ਪੁਲ ਦਾ ਕੰਮ ਕਰ ਰਿਹਾ ਹੈ। ਅੰਗਰੇਜ਼ੀ 'ਚ ਆਖਿਆ ਜਾਂਦਾ ਹੈ, The word divides and the note unites- ਸ਼ਬਦ ਤੋੜਦਾ ਹੈ ਅਤੇ ਸੁਰ ਜੋੜਦਾ ਹੈ। ਇਕੱਠਿਆਂ ਗਾਉਣ ਜਾਂ ਇਕੱਠਿਆਂ ਸਾਜ਼ ਵਜਾਉਣ ਨਾਲ ਸਮੂਹਿਕ ਸਾਂਝ ਵੀ ਪੈਦਾ ਹੁੰਦੀ ਹੈ। ਔਰਕੈਸਟਰਾ ਦੀ ਆਵਾਜ਼ ਇਕਸਾਰਤਾ ਰਾਹੀਂ ਸਾਂਝ ਪੈਦਾ ਕਰਦੀ ਹੈ ਅਤੇ ਲੋਕ ਸਾਂਝੇ ਕੰਮਾਂ ਲਈ ਕੁੱਦ ਪੈਂਦੇ ਹਨ। ਸਮੂਹਿਕ ਗਾਇਨ ਦੀ ਵਧੀਆ ਮਿਸਾਲ ਮਦਰ ਇੰਡੀਆ ਦੇ ਗਾਣੇ, 'ਦੁੱਖ ਭਰੇ ਦਿਨ ਬੀਤੇ ਰੇ ਭ੍ਰਈਆ ਅਭ ਸੁਖ ਆਇਓ ਰੇ, ਦੀ ਦਿੱਤੀ ਜਾ ਸਕਦੀ ਹੈ। ਸੰਗੀਤ ਭਾਵੇਂ ਜਨਾਜ਼ੇ ਨਾਲ ਵੱਜ ਰਹੀ ਸੋਗੀ ਧੁਨ ਹੋਵੇ ਅਤੇ ਜਾਂ ਸਰਕਾਰ ਵਿਰੋਧੀ ਬੈਂਡ ਬਾਜੇ ਦਾ, ਇਹ ਹਰ ਹਾਲਤ 'ਚ ਸਮੂਹਿਕ ਜਜ਼ਬਾਤਾਂ ਨੂੰ ਬਲ ਬਖਸ਼ਦਾ ਹੈ।

ਇਸ ਧਰਤੀ 'ਤੇ ਪਹਿਲਾਂ ਕਿਹੜੀ ਕਲਾ ਦਾ ਅਤੇ ਕਦੋਂ ਆਰੰਭ ਹੋਇਆ ? ਇਹ ਵਾਦ-ਵਿਵਾਦ ਮੇਰੇ ਹਥਲੇ ਨਿਬੰਧ ਦਾ ਵਿਸ਼ਾ ਨਹੀਂ ਅਤੇ ਨਾ ਹੀ ਮੈਂ ਸੰਗੀਤ ਵਾਰੇ ਊਲ-ਜਲੂਲ ਥਾਪੀਆਂ ਹੋਈਆਂ ਮਿੱਥਾਂ, ਜਿਸ ਤਰ੍ਹਾਂ ਕਿ ਮੇਘ ਰਾਗ ਰਾਹੀਂ ਮੀਂਹ ਪਾਉਣਾ, ਦੀਪਕ ਰਾਗ ਰਾਹੀਂ ਅੱਗ ਲਾਉਣੀ ਅਤੇ ਸੱਪ ਦੇ ਬੀਨ ਉਪਰ ਮਸਤ ਹੋਣ ਦੀ ਗੱਲ ਕਰਨੀ ਆਦਿ ਹੈ। ਆਮ ਖਿਆਲ ਕੀਤਾ ਜਾਂਦਾ ਹੈ ਕਿ ਇਸ ਧਰਤੀ ਦੇ ਪਹਿਲੇ ਲੋਕ ਚਿੱਤਰਕਲਾ ਰਾਹੀਂ ਦਿਲ-ਪਰਚਾਵਾ ਕਰਦੇ ਸਨ। ਪੱਥਰ-ਯੁੱਗ ਦੀਆਂ ਗੁਫਾਵਾਂ 'ਚੋ ਲੱਭੀਆਂ ਹੱਡੀਆਂ ਦੇ ਘੜੇ ਹੋਏ ਬੰਸਰੀ ਜਹੇ ਸਾਜ਼ਾਂ ਤੋਂ ਇਹ ਸੁਝਾਓ ਮਿਲਦੇ ਹਨ ਕਿ ਉਸ ਯੁੱਗ ਦੇ ਲੋਕ ਇਹੋ ਜਿਹੇ ਅਨਘੜ੍ਹਤ ਸਾਜ਼ਾਂ ਨਾਲ ਜ਼ਰੂਰ ਨਾਚ ਕਰਦੇ ਹੋਣਗੇ। ਸੋ ਕੁਦਰਤ ਵਿੱਚ ਸੁਰ-ਤਾਲ ਦਾ ਸਬੰਧ ਯੁੱਗਾਂ ਤੋਂ ਤੁਰਿਆ ਆ ਰਿਹਾ ਹੈ। ਸੰਗੀਤ ਤੋਂ ਅਲੱਗ ਹੋਣ ਵਾਲੀ ਗੱਲ ਹੈ। ਕੁਦਰਤ ਦੇ ਇਸ ਖ਼ਜਾਨੇ ਦੀ ਵਰਤੋਂ ਢਿੱਡ ਦੀ ਭੁੱਖ ਪੂਰੀ ਕਰਨ ਦੇ ਨਾਲ-ਨਾਲ, ਲੋਕ-ਭਲਾਈ ਵੱਲ ਵੀ ਹੋਣੀ ਚਾਹੀਦੀ ਹੈ। ਜੇਕਰ ਸੰਗੀਤ ਦਾ ਸਾਡੀ ਜ਼ਿੰਦਗੀ 'ਤੋਂ ਏਨਾ ਗਹਿਰਾ ਪ੍ਰਭਾਵ ਪੈਂਦਾ ਹੈ ਤਾਂ ਇਸ ਨੂੰ ਓਪਰੀ ਨਜ਼ਰੇ ਕਿਉਂ ਦੇਖਿਆ ਜਾਵੇ ? ਪੰਜਾਬ 'ਚ ਸੰਗੀਤ ਨੂੰ ਓਪਰੀ ਨਜ਼ਰੇ ਦੇਖਣਾ ਜਾਂ 'ਵਿਹਲੜਾਂ ਦਾ ਕੰਮ' ਸਮਝਣ ਦਾ ਵੱਡਾ ਕਾਰਨ ਜਗੀਰਦਾਰੀ-ਹੈਂਕੜ ਦਾ ਪਿਛੋਕੜ ਹੀ ਹੋ ਸਕਦਾ ਹੈ। ਨੀਮ-ਜਗੀਰਦਾਰੀ ਢਾਂਚੇ 'ਚ ਭੰਡ-ਮਰਾਸੀ ਅਤੇ ਬਾਜ਼ੀਗਰ ਕਾਫੀ ਸਮਾਂ ਮਨੋਰੰਜਨ ਦਾ ਸਾਧਨ ਬਣੇ ਰਹੇ। ਇਹ ਲੋਕ ਖਾਂਦੇ-ਪੀਂਦੇ ਜੱਟਾਂ-ਸਰਦਾਰਾਂ ਦੀਆਂ ਝਿੜਕਾਂ ਸਹਾਰਦੇ, ਆਪਣੀ ਡੰਗ-ਟਪਾਈ ਕਰਦੇ ਸਨ। ਅੱਜ ਵੀ ਧਨ ਦੀ ਕਮਾਈ ਲਈ ਲੁਧਿਆਣਾ ਕਲਚਰ ਦੇ ਟੋਲੇ ਭੰਡ-ਮਰਾਸੀਆਂ ਜਿਹੀਆਂ ਹਲਕੀਆਂ ਹਰਕਤਾਂ ਕਰਦੇ ਹੋਏ, ਧਨਾਢ ਵਰਗ ਦਾ ਹੱਥ-ਠੋਕਾ ਬਣਦੇ ਜਾ ਰਹੇ ਹਨ। ਦੂਜੇ ਪਾਸੇ ਕਲਾ ਪ੍ਰਤੀ ਜਜ਼ਬਾਤਾਂ ਨੂੰ ਦਬਾਉਣ ਨਾਲ ਇਨਸਾਨ ਅਪਰਾਧ ਕਰਨ ਦੇ ਰਾਹ ਵੀ ਪੈ ਸਕਦਾ ਹੈ। ਸਰਦਾਰਾਂ ਤੇ ਖਾਂਦੇ-ਪੀਂਦੇ ਜੱਟਾਂ ਦੀਆਂ ਕੁੜੀਆਂ ਪਹਿਲੇ ਸਮਿਆਂ 'ਚ ਵਿਆਹ-ਸ਼ਾਦੀ ਦੇ ਮੌਕੇ 'ਤੇ ਹੀ ਉਚੀਆਂ ਦੀਵਾਰਾਂ 'ਚ ਘਿਰੇ ਵਿਹੜਿਆਂ 'ਚ ਗਿੱਧਾ ਪਾਉਂਦੀਆਂ ਅਤੇ ਗੀਤ ਗਾਉਂਦੀਆਂ ਰਹੀਆਂ ਹਨ।

ਪਿੰਡਾਂ ਦੇ ਮੁੰਡੇ ਬਨੇਰਿਆਂ ਉਹਲੇ ਲੁਕ-ਲੁਕ ਝਾਤੀਆਂ ਮਾਰਦੇ ਰਹਿੰਦੇ ਸਨ। ਖਾਂਦੇ-ਪੀਂਦੇ ਜੱਟਾਂ ਦੀਆਂ

ਕੁੜੀਆਂ ਅਤੇ ਮੁੰਡਿਆਂ ਦੇ ਸੰਗੀਤ ਅਤੇ ਨਾਚ ਵੱਲ ਝੁਕਾਅ ਨੂੰ ਇਸ ਕਰੇ ਭੈੜਾ ਸਮਝਿਆ ਜਾਂਦਾ ਸੀ ਕਿ ਗਾਉਣ-ਵਜਾਉਣ ਅਤੇ ਨਾਚ ਜਿਹੇ ਕਿੱਤੇ ਹੇਠਲੀਆਂ ਜਾਤਾਂ ਨਾਲ ਸਬੰਧ ਰੱਖਦੇ ਸਨ । ਹੁਣ ਥੋੜ੍ਹੀ ਤਬਦੀਲੀ ਜ਼ਰੂਰ ਆਈ ਹੈ ਪਰ ਕਲਾ ਦੇ ਪਿਆਰ 'ਚ ਤਰੱਕੀ ਹੋਣ ਦੀ ਬਜਾਏ ਲੱਚਰ ਕਲਾ ਦਾ ਵਾਧਾ ਹੋਇਆ ਹੈ । ਵੀਹਵੀਂ ਸਦੀ ਦੇ ਆਰੰਭ 'ਚ ਮਹਾਨ ਮਰਾਠੀ ਗਾਇਕ ਵਿਸ਼ਨੂੰ ਦਿਗੰਬਰ ਨੇ ਆਪਣੀਆਂ ਸੰਗੀਤ ਮੰਡਲੀਆਂ ਰਾਹੀਂ ਸ਼ਹਿਰਾਂ-ਪਿੰਡਾਂ 'ਚ ਮੁਹਿੰਮ ਚਲ ਕੇ ਇਹ ਪ੍ਰਚਾਰ ਆਰੰਭਿਆ ਸੀ ਕਿ ਸੰਗੀਤ ਕਲਾ ਨੂੰ ਸਮਾਜ ਵਿੱਚ ਉੱਚਾ-ਸੁੱਚਾ ਸਥਾਨ ਪ੍ਰਾਪਤ ਹੋਣਾ ਚਾਹੀਦਾ ਹੈ । ਵਿਸ਼ਨੂੰ ਦਿਗੰਬਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਦਾਰੂ ਦੇ ਨਸ਼ੇ 'ਚ ਗੁੱਟ ਹੋ ਕੇ ਵੇਸਵਾਵਾਂ ਦੇ ਕੋਠਿਆਂ 'ਤੇ ਮਨੋਰੰਜਨ ਦੀ ਪ੍ਰਾਪਤੀ ਔਰਤ ਅਤੇ ਸੰਗੀਤ ਦਾ ਅਪਮਾਨ ਕਰਨ ਵਾਲੀ ਗੱਲ ਹੈ । ਪਹਿਲੀ ਉਮਰੇ ਮੈਨੂੰ ਕਈ ਕਿਸਮ ਦੀਆਂ ਬਿਮਾਰੀਆਂ ਅਤੇ ਹੀਣਤਾ ਨੇ ਰੱਜ ਕੇ ਝੰਬਿਆ । ਮੈਂ ਤਕਰੀਬਨ ਚੌਦਾਂ-ਪੰਦਰਾਂ ਵਰ੍ਹਿਆਂ ਦਾ ਹੀ ਹੋਵਾਂਗਾ, ਜਦੋਂ ਮੈਂ ਪਹਿਲੀ ਵਾਰ ਜਲੰਧਰ ਥੀਏਟਰ 'ਚ ਬੈਜੂ ਬਾਵਰਾ ਫਿਲਮ ਦੇਖਣ ਗਿਆ ਅਤੇ ਠੰਡਾ ਕੋਕਾ ਕੋਲਾ ਵੀ ਪੀਤਾ । ਕੋਕੇ ਕੋਲੇ ਦਾ ਸੁਆਦ ਤਾਂ ਮੂੰਹ ਦਾ ਸੁਆਦ ਸੀ, ਸੋ ਝੱਬੇ ਲਹਿ ਗਿਆ ਪਰ ਜੋ ਕੁਝ ਮੈਂ ਫਿਲਮ 'ਚ ਦੇਖਿਆ ਸੁਣਿਆ, ਉਨ੍ਹੇ ਬੁਝ ਰਹੀ ਬੱਤੀ ਚ' ਨਵੇਂ ਤੇਲ ਦਾ ਕੰਮ ਕੀਤਾ । ਮੈਂ ਸੋਚਿਆ, ਚਲੋ ਹਿਸਾਬ-ਅਲਜਬਰੇ ਦੇ ਸੁਆਲ ਦੀ ਨਾ ਵੀ ਸਮਝ ਆਏ ਪਰ ਜੀਣ ਦੇ ਬਹਾਨੇ ਤਾਂ ਹੋਰ ਵੀ ਬਥੇਰੇ ਹਨ ।

ਸਕਰੀਨ 'ਤੇ ਸੁਰੇਂਦਰ ਤਾਨਸੇਨ ਦਾ ਰੋਲ ਨਿਭਾਅ ਰਿਹਾ ਸੀ । ਟਿਕੀ ਹੋਈ ਰਾਤ ਦਾ ਦ੍ਰਿਸ਼, ਮਧੁਰ ਮਰਦਾਵੀਂ ਭਰਵੀਂ ਆਵਾਜ਼, ਤਾਨਪੁਰੇ ਨਾਲ ਇਕ-ਸੁਰ ਹੋਈ ਪਹਾੜੀ ਝਰਨੇ ਦੀ ਤਰ੍ਹਾਂ ਵਹਿ ਰਹੀ ਸੀ । ਕੁਝ ਸਾਲ ਬਾਅਦ ਪਤਾ ਲੱਗਿਆ ਕਿ ਸੁਰੇਂਦਰ ਦੀ ਅਦਾਇਗੀ ਦੇ ਦ੍ਰਿਸ਼ ਪਿੱਛੇ ਭਾਰਤ ਦਾ ਮਹਾਨ ਗਾਇਕ ਉਸਤਾਦ ਅਮੀਰ ਖਾਨ ਰਾਗ ਦਰਬਾਰੀ ਦਾ ਅਲਾਪ ਛੋਹ ਰਿਹਾ ਸੀ । ਇੰਟਰਵਲ ਤੋਂ ਬਾਅਦ ਤਾਨਸੇਨ ਅਤੇ ਬੈਜੂ ਦੇ ਗਾਇਨ ਦਾ ਮੁਕਾਬਲਾ ਹੁੰਦਾ ਹੈ ।

ਸੁਰਾਂ ਅਤੇ ਤਾਲਾਂ ਰਾਹੀਂ ਪੱਥਰ ਢਾਲਣ ਦੀ ਸ਼ਰਤ ਰੱਖੀ ਗਈ ਸੀ । ਤਾਨਸੇਨ ਅਤੇ ਬੈਜੂ ਦੀ ਅਦਾਕਾਰੀ ਪਿੱਛੇ ਉਸਤਾਦ ਅਮੀਰ ਖਾਨ ਅਤੇ ਡੀ.ਵੀ. ਪੁਲਸਕਰ ਦੀਆਂ ਆਵਾਜ਼ਾਂ ਨਾਲ ਹਾਲ 'ਚ ਸਨਾਟਾ ਛਾ ਗਿਆ । ਇਨ੍ਹਾਂ ਦੋਨਾ ਮਹਾਨ ਗਾਇਕਾਂ ਨੇ 'ਦੇਸੀ ਟੋਡੀ ਦਾ ਨਿੱਕਾ ਖਿਆਲ, 'ਆਜ ਗਾਵਤ ਮਨ ਮੇਰੋ ਝੂਮ ਕੇ' ਗਾਇਆ । ਪੱਥਰ ਢਲਣ ਦੀ ਕਹਾਣੀ ਤਾਂ ਅਤਕਥਨੀ ਹੀ ਸੀ ਪਰ ਮੇਰੇ ਵਰਗੇ ਜੀਂਦੇ-ਜਾਗਦੇ ਦਰਸ਼ਕ ਜ਼ਰੂਰ ਢਲ ਗਏ ਸਨ ।

ਨਿਟਸ਼ੇ ਦੇ ਕਹਿਣ ਅਨੁਸਾਰ, "ਸੰਗੀਤ ਜ਼ਿੰਦਗੀ ਨੂੰ ਸੰਭਵ ਹੀ ਨਹੀਂ ਸਗੋਂ ਸੁਆਦਲੀ ਵੀ ਬਣਾਉਂਦਾ ਹੈ ।" ਨਿਟਸ਼ੇ ਦੇ ਵਿਚਾਰਾਂ ਨਾਲ ਹੋਰ ਕਈ ਥਾਵਾਂ 'ਤੇ ਮਤ-ਭੇਦ ਹੋ ਸਕਦੇ ਹਨ ਪਰ ਸੰਗੀਤ ਕਲਾ ਦੇ ਸੁਆਲ 'ਤੇ ਉਹ ਬਹੁਤ ਗਹਿਰਾਈ 'ਚ ਜਾਂਦਾ ਹੈ । ਇਸ ਦਾ ਇਕ ਕਾਰਣ ਇਹ ਵੀ ਸੀ ਕਿ ਉਹ ਆਪ ਪਿਆਨੋ ਵਜਾਉਣ ਦਾ ਮਾਹਿਰ ਸੀ ਅਤੇ ਬਹੁਤ ਦਿਲਚਸਪ ਬੰਦਸ਼ਾਂ ਘੜਨ 'ਚ ਕਾਮਯਾਬ ਵੀ ਹੋਇਆ । ਜਲੰਧਰ ਥੀਏਟਰ ਦੀ ਘਟਨਾ ਨੂੰ ਗੁਜ਼ਰਿਆਂ ਪੈਂਤੀ-ਛੱਤੀ ਵਰ੍ਹੇ ਹੋ ਗਏ ਹੋਣਗੇ ਅਤੇ ਮੈਂ ਪੰਜਾਹਾਂ ਨੂੰ ਆਣ ਢੁਕਿਆ ਹਾਂ ਪਰ ਫਿਰ ਵੀ ਵਲੈਤ ਦੀ ਬਹਾਰ ਦੀ ਰੁੱਤੇ, ਜਦੋਂ ਕਦੇ ਪੌਪਲਰ ਦੀਆਂ ਟਾਹਣੀਆਂ, ਪੱਤਿਆਂ 'ਚੋਂ ਪੂਰਬੀ ਪੌਣ ਸਰਕਦੀ ਜਾਂਦੀ ਹੈ ਤਾਂ ਮੁਕੇਸ਼ ਦੀ ਯਾਦ ਅਧਮੋਇਆ ਜਿਹਾ ਕਰ ਜਾਂਦੀ ਹੈ । ਗੱਚ-ਭਰੀ, ਘੱਗੀ ਜਿਹੀ ਆਵਾਜ਼ 'ਚ 'ਝੂੰਮਤੀ ਚਲੀ ਹਵਾ ਯਾਦ ਆ ਗਿਆ ਕੋਈ' ਦੇ ਬੋਲ ਰੋਕਦਿਆਂ-ਰੋਕਦਿਆਂ ਮੂੰਹੋਂ ਨਿਕਲ ਜਾਂਦੇ ਹਨ ।

('ਦੇਸ਼ ਸੇਵਕ' ਵਿਚੋਂ ਧੰਨਵਾਦ ਸਹਿਤ)

# ਸਭ ਥਾਈਂ ਹੋਇ ਸਹਾਇ

## ਡਾ. ਜਸਵੰਤ ਸਿੰਘ ਨੇਕੀ

ਜੇ ਕੋ ਸਿਖੁ ਗੁਰੂ ਸੇਤੀ ਸਨਮੁਖ ਹੋਵੈ ।
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ।
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੈ ।
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨਾ ਜਾਣੈ ਕੋਏ ।
ਕਹੈ ਨਾਨਕ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ।

*-ਰਾਮਕਲੀ ਮ:੩ (919/16)*

ਅਰਦਾਸ ਸਤਿਗੁਰੂ ਦੇ ਸਨਮੁਖ ਹੋ ਕੇ ਕਰਨ ਦਾ ਆਦੇਸ਼ ਹੈ । ਸਿੱਖੀ ਇਕ ਨਿਰੰਕਾਰ ਦੀ ਉਪਾਸ਼ਨਾ ਦਾ ਧਰਮ ਹੈ । ਨਿਰੰਕਾਰ ਸਭ ਥਾਈਂ ਵਿਆਪਕ ਹੈ, ਪਰ ਸਾਨੂੰ ਅਨੁਭਵ ਨਹੀਂ ਹੋਂਦਾ । ਉਸ ਨਾਲ ਸਾਡਾ ਸੰਬੰਧ ਨਹੀਂ ਜੁੜਦਾ । ਸੰਬੰਧ ਥਾਪਣ ਲਈ ਨਿਰੰਕਾਰ ਨੇ ਸਤਿਗੁਰੂ ਨੂੰ ਪਰਗਟ ਕੀਤਾ । ਗੁਰਤਾ ਦੀ ਸੰਸਥਾ ਨਿਰੰਕਾਰ ਦੀ ਆਪਣੀ ਪ੍ਰਸੰਨਤਾ ਨਾਲ ਹੋਂਦ ਵਿਚ ਆਈ ਹੈ । ਜਨਮ ਸਾਖੀ ਇਸ ਗੱਲ ਦੀ ਗਵਾਹੀ ਦੇਂਦੀ ਹੈ । ਸੁਲਤਾਨਪੁਰ ਲੋਧੀ ਜਦੋਂ ਬਾਬੇ ਨੇ ਵੇਈਂ ਨਦੀ ਵਿਚ ਤਿੰਨ-ਦਿਨ-ਲੰਮੀ ਚੁੱਭੀ ਮਾਰੀ, ਤਾਂ "ਪਰਮੇਸਰ ਦੇ ਸੇਵਕ ਗੁਰੂ ਨਾਨਕ ਦੇਵ ਜੀ ਨੂੰ ਪਰਮ ਪੁਰਖ ਪਾਸ ਲੈ ਗਏ, ਤਾਂ ਪਰਮਾਤਮਾ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਅੰਮ੍ਰਿਤ ਦਾ ਪਿਆਲਾ ਪੇਸ਼ ਕੀਤਾ । ਪਰਮਾਤਮਾ ਨੇ ਕਿਹਾ, ਨਾਨਕ ਇਹ ਅੰਮ੍ਰਿਤ ਨਾਮ ਦਾ ਪਿਆਲਾ ਤੂ ਤਸਲੀਮ ਕਰ । ਗੁਰੂ ਨਾਨਕ ਨੇ ਉਹ ਅੰਮ੍ਰਿਤ ਦਾ ਪਿਆਲਾ ਪੀਤਾ । ਪਰਮੇਸਰ ਨੇ ਆਵਾਜ਼ ਦਿੱਤੀ ਨਾਨਕ ਮੈਂ ਤੇਰੇ ਕੋਲ ਹਾਂ ਮੈਂ ਤੇਰੇ ਤਾਈਂ ਨਿਹਾਲ ਕੀਆ ਹੈ । ਤੂ ਜਾਇ ਕਰ ਮੇਰਾ ਨਾਮ ਜਪ ਅਰ ਲੋਕਾਂ ਥੀਂ ਭੀ ਜਪਾਇ । .... ਤੂ ਜਾ ਮੇਰੇ ਹੁਕਮ ਦੀ ਕਾਰ ਕਰ ।.... ਨਾਨਕ ਜਿਸ ਉਪਰ ਤੇਰੀ ਨਜ਼ਰ ਉਸ ਉਪਰ ਮੇਰੀ ਨਜ਼ਰ । ਜਿਸ ਉਪਰ ਤੇਰਾ ਕਰਮ ਉਸ ਉਪਰ ਮੇਰਾ ਕਰਮ । ਮੇਰਾ ਨਾਮ ਪਾਰਬ੍ਰਹਮ ਪਰਮੇਸਰ ਤੇਰਾ ਨਾਮ ਗੁਰੂ ਪਰਮੇਸਰ।" ਇਉਂ ਸਤਿਗੁਰੂ ਇਕ ਪਾਸੇ ਨਿਰੰਕਾਰ ਨਾਲ ਅਭੇਦ ਹੈ ਤੇ ਦੂਜੇ ਪਾਸੇ ਸੰਸਾਰ ਨਾਲ ਸੰਬੰਧ ਜੋੜਦਾ ਹੈ । ਨਿਰੰਕਾਰ ਉਸ ਦੇ ਅੰਦਰੋਂ ਲੋਕਾਈ ਨਾਲ ਮੁਖ਼ਾਤਬ ਹੋਂਦਾ ਹੈ :

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ।

-ਮਲਾਰ ਵਾਰ ਮ: ੧ (1279/13)

ਇਸ ਲਈ, ਸਤਿਗੁਰੂ ਦੇ ਸਨਮੁਖ ਹੋਣਾ, ਆਪ ਵਾਹਿਗੁਰੂ ਦੇ ਸਨਮੁਖ ਹੋਣਾ ਹੈ । ਸਤਿਗੁਰੂ ਅੱਗੇ ਅਰਦਾਸ ਵਾਹਿਗੁਰੂ ਅੱਗੇ ਅਰਦਾਸ ਹੈ ।

ਭਗਤੀ ਮਾਰਗ ਵਿਚ ਤਾਂ ਕਈ ਲਾਡਲੇ ਭਗਤਾਂ ਨੇ ਪਰਮਾਤਮਾ ਨੂੰ ਵੀ ਗੁਰੂ ਦੇ ਤੁਲ ਨਹੀਂ ਸਮਝਿਆ । ਸਹਿਜੋ ਬਾਈ ਦੀ ਇਕ ਚੌਪਈ ਹੈ ਜਿਸ ਵਿਚ ਉਸ ਨੇ ਗੁਰੂ ਦੀ ਸ੍ਰੇਸ਼ਟਤਾ ਹਰਿ ਤੋਂ ਵੀ ਵੱਧ ਦ੍ਰਿੜ੍ਹ ਕਰਾਈ ਹੈ । ਇਸ ਚੌਪਈ ਵਿਚ ਹਰਿ ਦੇ ਨਿਜ ਸਰੂਪ ਨੂੰ ਉਸ ਦੇ ਪਰਗਟ ਸਰੂਪ, ਗੁਰੂ, ਦੇ ਤੁਲ ਨਹੀਂ ਸਮਝਿਆ, ਕਿਉਂਕਿ (੧) ਰੱਬ ਨੇ ਸੰਸਾਰ ਰਚਿਆ ਤੇ ਉਸ ਵਿਚ ਸਾਨੂੰ ਜਨਮ ਦਿੱਤਾ, ਪਰ ਗੁਰੂ ਨੇ ਸਾਨੂੰ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਦਿਵਾ ਦਿੱਤਾ; (੨) ਰੱਬ ਨੇ ਕਾਮ ਕ੍ਰੋਧ ਆਦਿ ਪੰਜ ਚੋਰ ਸਾਡੇ ਮਗਰ ਲਾਏ, ਪਰ ਗੁਰੂ ਨੇ ਨਿਆਸਰੇ ਜਾਣ ਕੇ ਸਾਨੂੰ ਇਹਨਾਂ ਤੋਂ ਬਚਾ ਲਿਆ; (੩) ਰੱਬ ਨੇ ਸਾਨੂੰ ਕੁਟੰਬ ਦੇ ਮੋਹ ਵਿਚ ਬੰਨ੍ਹਿਆ, ਪਰ ਗੁਰੂ ਨੇ ਮਮਤਾ ਦੇ ਬੰਧਨ ਕਟ ਦਿੱਤੇ; (੪) ਰੱਬ ਨੇ ਸਾਨੂੰ ਰੋਗਾਂ ਤੇ ਸੋਗਾਂ ਵਿਚ ਭਟਕਣ ਲਈ ਛੋੜਿਆ, ਪਰ ਗੁਰੂ ਨੇ ਯੋਗੀ ਬਣਾ ਕੇ ਇਨਾਂ ਤੋਂ ਅਤੀਤ ਕਰ ਦਿਤਾ; (੫) ਰੱਬ ਨੇ ਕਰਮਾਂ ਧਰਮਾਂ ਵਿਚ ਸਾਨੂੰ ਭਰਮਾਇਆ, ਪਰ ਗੁਰੂ ਨੇ ਆਤਮ ਰੂਪ ਨਾਲ ਸਾਡੀ ਜਾਣ ਪਛਾਣ ਕਰਾ ਦਿੱਤੀ; (੬) ਰੱਬ ਨੇ ਆਪਣੇ ਆਪ ਨੂੰ ਸਾਥੋਂ ਛੁਪਾਇਆ, ਪਰ ਗੁਰੂ ਨੇ ਗਿਆਨ ਜੋਤਿ ਜਗਾ ਕੇ ਉਸ ਦਾ ਦੀਦਾਰ ਕਰਾ ਦਿੱਤਾ; (੭) ਰੱਬ ਨੇ ਸਾਡੇ ਲਈ ਬੰਧਨ ਤੇ ਮੁਕਤੀ ਦੀਆਂ ਦੋ ਹਾਲਤਾਂ ਪੈਦਾ ਕੀਤੀਆਂ, ਪਰ ਗੁਰੂ ਨੇ ਦੋਹਾਂ ਦਾ ਭਰਮ ਮਿਟਾ ਦਿੱਤਾ ।" ਇਸ ਲਈ ਉਹ ਕਹਿੰਦੀ ਹੈ :

ਗੁਰ ਨਾ ਤਜੋਂ ਹਰਿ ਕੋ ਤਜ ਡਾਰੂੰ ।

-ਸਹਿਜੋ ਬਾਈ ।

ਗੁਰਮਤਿ ਵਿਚ ਐਸੀ ਕਥਨੀ ਸ਼ਾਇਦ ਪਰਵਾਨ ਨਾ ਹੋਵੇ । ਇਥੇ ਤਾਂ ਵਾਹਿਗੁਰੂ ਦੀ ਮਿਹਰਾਮਤ ਹੀ ਗੁਰੂ ਥਾਣੀਂ ਪਰਗਟ ਹੋਈ ਹੈ । ਵਾਹਿਗੁਰੂ ਦਾ ਪਿਆਰ ਗੁਰੂ ਰੂਪ ਹੋ ਕੇ ਪਰਗਟ ਹੋਇਆ ਹੈ । ਉਸ ਦਾ ਪ੍ਰਸਾਦ (=ਕਿਰਪਾ, ਮੇਹਰ) ਹੀ ਗੁਰੂ ਰੂਪ ਧਾਰ ਕੇ ਸਾਨੂੰ ਪ੍ਰਾਪਤ ਹੋਂਦਾ ਹੈ । "ਗੁਰੂ

ਪ੍ਰਸਾਦਿ" ਦਾ ਏਹੋ ਅਰਥ ਹੈ । ਨਿਰੰਕਾਰ ਦੀ ਮਿਹਰਾਮਤ ਦਾ ਪੂਰਨ ਪੁੰਜ ਹੋਣ ਕਾਰਨ ਹੀ ਗੁਰੂ "ਪੂਰਾ ਪਰਮੇਸਰ" ਹੈ । ਏਹੋ ਹੀ ਨਹੀਂ, ਜੇਕਰ ਕੋਈ ਸਤਿਗੁਰੂ ਦੀ ਸ਼ਰਨੀ ਪੈ ਜਾਵੇ, ਤਾਂ ਵਾਹਿਗੁਰੂ ਆਪ ਉਸ ਦੀ ਰਾਖੀ ਕਰਨ ਆਉਂਦਾ ਹੈ ।

ਇਸੇ ਲਈ ਅਰਦਾਸ ਦੀ ਮੁਢਲੀ ਪਉੜੀ ਵਿਚ ਸਤਿਗੁਰਾਂ ਦਾ ਅਭਿਨੰਦਨ ਹੀ ਨਹੀਂ, ਉਹਨਾਂ ਨੂੰ ਸਿਮਰਨ ਤੇ ਧਿਆਉਣ ਦਾ ਆਦੇਸ਼ ਵੀ ਹੈ, ਅੰਗ ਸੰਗ ਹੋ ਕੇ ਸਹਾਈ ਹੋਣ ਦੀ ਦੁਹਾਈ ਵੀ ਹੈ, ਤੇ ਗੁਰੂ ਦੇ ਆਪਣੇ ਬਿਰਦ ਦੀ ਚੇਤਾਵਨੀ ਵੀ-ਉਹ ਬਿਰਦ ਜੋ ਐਲਾਨੀਆਂ ਕਹਿੰਦਾ ਹੈ :

ਸਤਿਗੁਰੂ ਸਿਖ ਕਉ ਜੀਅ ਨਾਲਿ ਸਮਾਰੈ ।

*-ਗਉੜੀ ਮ:੫ (286/16)*

ਤੇ ਸਤਿਗੁਰ ਆਪਣੇ ਬਚਨਾਂ ਦਾ ਸੂਰਮਾ ਹੈ ।

ਸਤਿਗੁਰ ਕੇਵਲ ਅਕਾਲ ਪੁਰਖ ਨਾਲ ਹੀ ਅਭੇਦ ਨਹੀਂ, ਇਕ ਗੁਰੂ ਦੂਜੇ ਗੁਰੂ ਨਾਲ ਵੀ ਅਭੇਦ ਹੈ । ਆਪ ਗੁਰੂ ਗੋਬਿੰਦ ਸਿੰਘ ਜੀ ਇਸ ਸੱਚ ਦਾ ਸਾਖੀ ਭਰਦੇ ਹਨ :

ਸ੍ਰੀ ਨਾਨਕ ਅੰਗਦਿ ਕਰ ਮਾਨਾ । ਅਮਰਦਾਸ ਅੰਗਦ ਪਹਿਚਾਨਾ ।
ਅਮਰਦਾਸ ਰਾਮਦਾਸ ਕਹਾਯੋ । ਸਾਧਨਿ ਲਖਾ, ਮੂੜ ਨਹਿ ਪਾਯੋ (੯)

... ... ...

ਰਾਮਦਾਸ ਹਰਿ ਸੋਂ ਮਿਲ ਗਏ । ਗੁਰਤਾ ਦੇਤ ਅਰਜਨਹਿ ਭਏ ।
ਜਬ ਅਰਜਨ ਪ੍ਰਭ ਲੋਕ ਸਿਧਾਏ । ਹਰਿਗੋਬਿੰਦ ਤਿਹ ਠਾਂ ਠਹਿਰਾਏ ।੧੧।
ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ । ਹਰੀ ਰਾਇ ਤਿਹ ਠਾਂ ਬੈਠਾਰੇ ।
ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ । ਤਿਨ ਤੇ ਤੇਗ ਬਹਾਦਰ ਭਏ ।੧੨।

... ... ...

ਭਿੰਨ ਭਿੰਨ ਸਬਹੂੰ ਕਰ ਜਾਨਾ । ਏਕ ਰੂਪ ਕਿਨਹੂੰ ਪਹਿਚਾਨਾ ।
ਜਿਨ ਜਾਨਾ ਤਿਨ ਹੀ ਸਿਧ ਪਾਈ । ਬਿਨ ਸਮਝੇ ਸਿਧ ਹਾਥ ਨਾ ਆਈ ।੧੦)

*-ਬਚਿਤ੍ਰ ਨਾਟਕ, ਧਿ: ੫*

ਸਾਰੇ ਗੁਰੂ ਸਾਹਿਬਾਂ ਅੰਦਰ ਇਕੋ ਜੋਤਿ ਦਾ ਪ੍ਰਕਾਸ਼ ਸੀ । ਜੋਤਿ ਵਲੋਂ ਹੀ ਨਹੀਂ, ਸਤਿਗੁਰਾਂ ਵਿਚ ਜੁਗਤ ਵਲੋਂ ਵੀ ਅਭੇਦਤਾ ਸੀ :

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ।

*-ਰਾਮਕਲੀ ਵਾਰ : ਬਲਵੰਤ-ਸਤਾ (966/18)*

ਇਸ ਲਈ ਕਿਸੇ ਇਕ ਗੁਰੂ ਦਾ ਧਿਆਨ ਸਮੱਸਤ ਸਤਿਗੁਰਾਂ ਦਾ ਧਿਆਨ ਹੈ; ਕਿਸੇ ਇਕ ਸਤਿਗੁਰੂ ਦਾ ਸਿਮਰਨ ਸਮੱਸਤ ਸਤਿਗੁਰਾਂ ਦਾ ਸਿਮਰਨ ਹੈ; ਕਿਸੇ ਇਕ ਸਤਿਗੁਰੂ ਦਾ ਦਰਸ਼ਨ ਸਮੱਸਤ ਸਤਿਗੁਰਾਂ ਦਾ ਸਫਲ ਦਰਸ਼ਨ ਹੈ; ਕਿਸੇ ਇਕ ਸਤਿਗੁਰੂ ਦੀ ਸਹਾਇਤਾ ਸਮੁੱਚੇ ਗੁਰੂ-ਗਣ ਦੀ ਸਹਾਇਤਾ ਹੈ ।

ਗੁਰੂ ਦੇ ਦੋ ਲੱਛਣ ਅਸਾਂ ਉਪਰ ਵਿਚਾਰੇ ਹਨ ਇਹ ਹਨ (੧) ਦੈਵੀ ਬਖ਼ਸ਼ਿਸ਼ ਤੋਂ ਸਥਾਪਨਾ, ਤੇ (੨) ਜੋਤਿ ਜੁਗਤਿ ਦੀ ਏਕਤਾ । ਇਕ ਹੋਰ ਬੁਨਿਆਦੀ ਲੱਛਣ, ਗੁਰੂ ਦੀ "ਅਪੁਰਖਤਾ", ਹੈ । ਸਤਿਗੁਰੂ ਦੀ ਦੇਹ ਗੁਰੂ ਨਹੀਂ, ਗੁਰੂ ਦਾ ਸ਼ਬਦ ਗੁਰੂ ਹੈ-ਉਹ ਸ਼ਬਦ ਜੋ ਪਾਰਬ੍ਰਹਮ ਵਲੋਂ ਆਇਆ ਤੇ ਜੋ ਸਤਿਗੁਰਾਂ ਦੇ ਹਿਰਦੇ ਵਿਚੋਂ ਬਾਣੀ ਰੂਪ ਹੋ ਕੇ ਪਰਗਟ ਹੋਇਆ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ।
ਡਿਠੈ ਮੁਕਤਿ ਨਾ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ।

*-ਵਡਹੰਸ ਵਾਰ :੪, ਸਲੋਕ ੩ (594/11)*

ਇਹ "ਖਸਮ ਕੀ ਬਾਣੀ" ਹੀ ਅਸਲ ਗੁਰੂ ਹੈ । ਇਸੇ 'ਸ਼ਬਦ' ਨੂੰ ਸਿੱਧਾਂ ਨਾਲ ਗੋਸ਼ਟ ਦੇ ਦੌਰਾਨ ਗੁਰੂ ਨਾਨਕ ਦੇਵ ਜੀ ਨੇ ਗੁਰੂ ਕਿਹਾ । ਇਸੇ ਬਾਣੀ ਨੂੰ ਜੋਤੀ ਜੋਤਿ ਸਮਾਉਣ ਸਮੇਂ ਦਸਮ ਪਾਤਸ਼ਾਹ ਨੇ ਗੁਰਿਆਈ ਦੇ ਕੇ ਸ਼ਖਸੀ ਗੁਰਤਾ ਦੀ ਲੜੀ ਸਮਾਪਤ ਕਰ ਦਿੱਤੀ ਤੇ ਗੁਰੂ ਗ੍ਰੰਥ ਸਾਹਿਬ ਨੂੰ ਸਦੀਵ-ਕਾਲੀ ਸ਼ਬਦ-ਗੁਰੂ ਥਾਪ ਦਿੱਤਾ । ਦਸਾਂ ਗੁਰੂਆਂ ਤੋਂ ਬਾਦ, ਅਰਦਾਸ ਵਿਚ ਇਸੇ ਸ਼ਬਦ-ਗੁਰੂ ਦਾ ਅਭਿਨੰਦਨ ਹੁੰਦਾ ਹੈ ।

(ਧੰਨਵਾਦ ਸਹਿਤ ਪੁਸਤਕ 'ਅਰਦਾਸ' ਵਿੱਚੋਂ)

**The Sikh Courier**

88 Mollison Way, Edgware Middlesex

(Greator Londen) U.K.

# ਸ਼ਲੋਕ (ਮੰਗਲਾਚਰਨ)

## ਬੰਤ ਸਿੰਘ

"ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ " ॥੧॥

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਨਿਰੰਕਾਰ ਜਿਸ ਦੇ ਗੁਣ ਮੂਲ ਮੰਤਰ ਵਿੱਚ ਵਰਨਣ ਕੀਤੇ ਗਏ ਹਨ, ਸਤਿ ਹੈ । ਉਹ ਮੁੱਢ ਤੋਂ ਹੀ ਹੋਂਦ ਵਾਲਾ ਹੈ । ਭੂਤ, ਵਰਤਮਾਨ ਅਤੇ ਭਵਿਖਤ ਕਾਲਾਂ ਵਿੱਚ ਉਸ ਦੀ ਹੋਂਦ ਰਹੀ ਹੈ ਅਤੇ ਰਹੇਗੀ । ਉਹ ਇਸ ਵੇਲੇ ਭੀ ਮੌਜੂਦ ਹੈ ਅਤੇ ਅੱਗੇ ਨੂੰ ਭੀ ਮੌਜੂਦ ਰਹੇਗਾ । ਇਹ ਸਲੋਕ ਮੰਗਲਾਚਰਨ ਹੈ । ਪਰਚਲਤ ਰਵਾਜ ਅਨੁਸਾਰ ਹਰ ਕਵੀ ਆਪਣੀ ਰਚਨਾ ਕਰਨ ਤੋਂ ਪਹਿਲਾਂ ਆਪਣੇ ਇਸ਼ਟ ਦੀ ਸਿਫਤ ਕਰਦਾ ਸੀ । ਗੁਰੂ ਨਾਨਕ ਦੇਵ ਜੀ ਨੇ ਭੀ ਪ੍ਰਭੂ ਦੀ ਸਿਫਤ ਸਲਾਹ ਕੀਤੀ ਹੈ । ਇਸ ਤੋਂ ਅੱਗੇ ਜਪੁਜੀ ਦੀ ਪਹਿਲੀ ਪਉੜੀ ਦਾ ਅਰੰਭ ਹੁੰਦਾ ਹੈ ।

ਗੁਰੂ ਨਾਨਕ ਪ੍ਰਕਾਸ਼ ਵਿੱਚ ਲਿਖਿਆ ਹੈ :-

**"ਜਪੁਜੀ ਕੰਠ ਨਿਤਾ ਪ੍ਰਤਿ ਰਟੈ ॥**
**ਜਨਮ ਜਨਮ ਕੇ ਕਲਮਲ ਕਟੈ ॥"**

**"ਸੋਚੈ ਸੋਚਿ ਨਾ ਹੋਵਈ ਜੇ ਸੋਚੀ ਲਖਵਾਰ ॥**
**ਚੁਪੈ ਚੁਪ ਨਾ ਹੋਵਈ ਜੇ ਲਾਇ ਰਹਾ ਲਿਵਤਾਰ ॥**
**ਭੁਖਿਆ ਭੁਖ ਨਾ ਉਤਰੀ ਜੇ ਬੰਨਾ ਪੁਰੀਆ ਭਾਰ ॥**
**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥**
**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧॥"**

ਸਰੀਰ ਨੂੰ ਅਨੇਕ ਜਤਨਾਂ ਨਾਲ ਸੁੱਚਾ ਰੱਖਣ ਨਾਲ ਮਨ ਸੁੱਚਾ ਨਹੀਂ ਹੋ ਸਕਦਾ । ਸਰੀਰ ਦੀ ਸੁੱਚ ਨਾਲ ਮਨ ਦੀ ਮੈਲ ਨਹੀਂ ਉਤਰ ਸਕਦੀ । ਮੋਨ ਧਾਰਨ ਨਾਲ ਜਾਂ ਇੱਕ ਟੱਕ ਸਮਾਧੀ ਲਾਉਣ ਨਾਲ ਮਨ ਸ਼ਾਂਤ ਨਹੀਂ ਹੋ ਸਕਦਾ । ਚੁੱਪ ਕਰੀ ਰਹਿਣਾ ਮਨ ਦੀ ਸ਼ਾਂਤੀ ਦਾ ਸਾਧਨ ਨਹੀਂ । ਜੇ ਮਨੁੱਖ ਸ੍ਰਿਸ਼ਟੀ ਦੀ ਸਾਰੀ ਮਾਇਆ ਅਤੇ ਪਦਾਰਥਾਂ ਦਾ ਮਾਲਕ ਬਣ ਜਾਵੇ ਤਾਂ ਭੀ ਮਨ ਦੀ ਲਾਲਸਾ ਅਤੇ ਤ੍ਰਿਸ਼ਨਾ ਦੂਰ ਨਹੀਂ ਹੋ ਸਕਦੀ । ਹੋਰ ਪਰਾਪਤ ਕਰਨ ਨਾਲ ਹੋਰ ਤ੍ਰਿਸ਼ਨਾ ਵੱਧਦੀ ਹੈ ।

ਬਹੁਤੀ ਅਕਲ ਅਤੇ ਚਤਰਾਈ ਭੀ ਅਧਿਆਤਮਕ ਜੀਵਨ ਵਿੱਚ ਸਾਥ ਨਹੀਂ ਦਿੰਦੀ । ਬਹੁਤੀ ਸਿਆਣਪ ਸਗੋਂ ਦੁੱਖਾਂ ਦਾ ਕਾਰਨ ਬਣਦੀ ਹੈ । ਸਚਿਆਰਾ ਬਣਨ ਲਈ ਜਾਂ ਉਸ ਸੱਚ ਦਾ ਪ੍ਰਕਾਸ਼ ਪ੍ਰਾਪਤ ਕਰਨ ਲਈ ਅਤੇ ਝੂਠ ਦੀ ਦੀਵਾਰ ਢਾਉਣ ਲਈ ਕੀ ਕਰਨਾ ਚਾਹੀਦਾ ਹੈ । ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਕਾਲ ਪੁਰਖ ਦੇ ਹੁਕਮ ਨੂੰ ਸਤਿ ਕਰਕੇ ਮੰਨਣਾ ਹੀ ਇੱਕ ਉਪਾਓ ਹੈ ਜਿਸ ਨਾਲ ਇਹ ਵਿੱਥ ਮਿਟ ਸਕਦੀ ਹੈ । ਉਸ ਦਾ ਭਾਣਾ ਮਿੱਠਾ ਕਰਕੇ ਮੰਨਣ ਵਾਲਾ, ਉਸ ਅਕਾਲ ਪੁਰਖ ਨਾਲ ਇੱਕ ਮਿੱਕ ਹੋ ਜਾਂਦਾ ਹੈ । ਉਸ ਦੀ ਰਜ਼ਾ ਵਿੱਚ ਤੁਰਨਾ ਹੀ ਉਸ ਨਾਲ ਮੇਲ ਦਾ ਸੌਖਾ ਸਾਧਨ ਹੈ ।

**ਏਕ ਓਅੰਕਾਰ ਖੁਦਾ ਹੈ ਵਾਹਿਦ, ਸੱਚਾ ਜਿਸਕਾ ਨਾਮ ।**
**ਕਰਤਾ ਬਰਤਾ ਦੁਨੀਆਂ ਕਾ, ਬੇ-ਡਰ, ਬੇ-ਲਾਗ ਮੁਦਾਮ ।**
**ਮੌਤ ਸੇ ਵਾਲਾ, ਪਾਕ ਜਨਮ ਸੇ, ਕਾਇਮ ਅਪਨੇ ਆਪ ।**
**ਆਪਨੇ ਗੁਰ ਕੀ ਰਹਿਮਤ ਸੇ, ਤੂ ਨਾਮ ਉਸੀ ਕਾ ਜਾਪ ।**
**ਸੱਚਾ ਰੋਜ਼ਿ ਅਜ਼ਲ ਸੇ ਪਹਿਲੇ, ਸੱਚਾ ਰੋਜ਼ਿ ਅਜ਼ਲ ਭੀ ਵੁਹ ।**
**ਸੱਚਾ ਹੈ ਵੁਹ ਆਜ ਭੀ ਨਾਨਕ, ਸੱਚਾ ਹੋਗਾ ਕੱਲ ਭੀ ਵੁਹ ।**
**ਸੋਚ ਕੀਏ ਕਬ ਸੋਚ ਮੈਂ ਆਏ, ਸੋਚ ਜੇ ਲਾਖੋਂ ਬਾਰ ਕਰੇਂ ।**
**ਚੁਪ ਰਹਿਨੇ ਸੇ ਮਨ ਕਬ ਚੁਪ ਹੋ, ਚੁਪਕੇ ਧਿਆਨ ਹਜ਼ਾਰ ਕਰੇਂ ।**
**ਭੂਖੇ ਰਹਿ ਕਰ ਭੂਖ ਨਾ ਜਾਏ, ਬਾਂਧ ਕੇ ਗੋ, ਕੁਲ ਦੁਨੀਆਂ ਲਾਏਂ ।**
**ਲਾਖ ਹਜ਼ਾਰ ਕਰੇਂ ਚਤੁਰਾਈ, ਏਕ ਭੀ ਸਾਥ ਨਾ ਲੇ ਕਰ ਜਾਏਂ ।**
**ਝੂਠ ਕਾ ਪਰਦਾ ਚਾਕ ਹੋ ਕਿਉ ਕਰ, ਸੱਚ ਵਾਲੇ ਬਣ ਜਾਏਂ ਹਮ ।**
**ਹੁਕਮਿ ਰਜ਼ਾ ਪਰ ਚਲਨਾ ਨਾਨਕ, ਸਾਥ ਯੇਹ ਲਿੱਖਾ ਲਾਏਂ ਹਮ ।**

All religious systems, even the most premitive ones, have concerned themselves with the subject of living a satisfying life and attaining immortality. Some have tried to achieve their purpose by purificatory rituals and pilgrimages and others through concentration of mind and asectic practices.

Some keep themselves busy in fulfilling their desires in vain hope of having some day complete satisfaction of the mind, but the hunger for wealth, fame and honour continues unabated because these things alone can never fully satisfy the mind. Some others try to find satisfaction in philosophy or by acquiring worldly knowledge. All such people consider themselves to be following the right and true path according to their judgement otherwise they will not do so. The first two lines speak of the spiritually inclined and the next two lines of the worldly inclined people. Guru says that a faithful and satisfying life is only possible by following The "will of God" which is the sole theme of Japji. Nanak's mission was to bring the people round the essure of the whole matter of religion which is, that there is only one God and that all men are equal in His eye and that if this is realised one has achieved the object of one's life, and one's activities of life will automatically be truthful.

# ਗੁਰਬਾਣੀ ਕੀਰਤਨ

**ਸੋਹਣ ਸਿੰਘ**

ਨਾਮ ਉਹ ਵਾਹਿਗੁਰੂ ਦੀ ਸਿਫਤ ਸਵਾਹ ਹੈ ਜਿਸ ਦੇ ਅਚੰਭੇ ਦੀ ਅਨੁਭਵਤਾ ਅੰਤਰ ਆਤਮੇ ਹੋਵੇ ਯਾਂ ਅਨਹਦ ਸ਼ਬਦ ਦੁਆਰਾ ਹੋਵੇ, ਜ਼ੁਬਾਨ ਯਾਂ ਕੰਨਾਂ ਦਾ ਵਿਸ਼ਾ ਨਾ ਹੋਵੇ। ਜਦੋਂ ਕਿ ਕੀਰਤਨ ਉਹ ਸਿਫਤ ਸਲਾਹ (ਕੀਰਤੀ) ਹੈ ਜੋ ਜ਼ੁਬਾਨ ਰਾਹੀਂ ਕੀਤੀ ਜਾਵੇ, ਕੰਨਾਂ ਰਾਹੀਂ ਸੁਣੀ ਜਾਵੇ।

"ਕੀਰਤਨੁ ਨਿਰਮੋਲਕ ਹੀਰਾ ॥ ਅਨੰਦ ਗੁਣੀ ਗਹੀਰਾ ॥"

ਇਹ ਇਕ ਅੰਤਰ ਆਤਮੇ ਅਨਹਦ ਸ਼ਬਦ ਦੇ ਪਵਿਤਰ ਸੁਆਦ ਲੈਣ ਦਾ ਉਪਰਾਲਾ ਹੈ। ਇਹ ਵਾਕਿਆਈ ਇਕ ਨਿਰਮੋਲਕ ਹੀਰਾ ਹੈ ਜਿਸ ਦੀ ਚੱਸਕ ਨਾਲ ਇਨਸਾਨ ਦੇ ਕੰਨ ਰੱਸਮਈ ਹੋ ਜਾਂਦੇ ਹਨ, ਮਨ ਵਿਸਮਾਦ ਵਿਚ ਪ੍ਰਵੇਸ਼ ਕਰ ਜਾਂਦਾ ਹੈ ਤੇ ਰੂਹ ਅਲਾਹੀ ਪੌੜੀਆਂ ਚੜ੍ਹ ਕੇ ਉਸ ਇਕ ਈਸ਼ ਨਾਲ ਇਕ ਮਿਕ ਹੋਣ ਦਾ ਉਪਰਾਲ ਕਰਨ ਲਗ ਪੈਂਦੀ ਹੈ।

ਭਾਰਤ ਦੇ ਪੁਰਾਣੇ ਰਿਸ਼ੀਆਂ ਮੁਨੀਆਂ, ਸੰਤਾਂ ਸਾਧਾਂ ਨੇ ਸੰਗੀਤ ਨੂੰ ਇਨਸਾਨ ਲਈ ਪ੍ਰਮਾਤਮਾ ਪ੍ਰਤੀ ਲਿਵ ਲਗਾਉਣ ਦਾ ਸਾਧਨ ਮੰਨਿਆ ਸੀ। ਉਹਨਾਂ ਆਪਣੀ ਦਿੱਬ ਦ੍ਰਿਸ਼ਟੀ ਨਾਲ ਇਹ ਅਨੁਭਵ ਕੀਤਾ ਕਿ ਦਸਵੇਂ ਦੁਆਰ ਵਿਚ ਜੋ ਅਨਹਦ ਸ਼ਬਦ ਦੀ ਧੁਨੀ ਚਲਦੀ ਹੈ ਉਹਨਾਂ ਵਿਚ ਪੰਜ ਤਰ੍ਹਾਂ ਦੀਆਂ ਆਵਾਜ਼ਾਂ ਆਉਂਦੀਆਂ ਹਨ ਜਿਨ੍ਹਾਂ ਵਿਚ ਤੰਤਾਂ ਦੀ ਆਵਾਜ਼, ਹਵਾ ਦੇ ਪ੍ਰਯੋਜਨ ਨਾਲ ਆਵਾਜ਼ ਤੇ ਚਮੜੇ ਤੇ ਥਾਪ ਦੀ ਆਵਾਜ਼ ! ਇਹਨਾਂ ਆਵਾਜ਼ਾਂ ਨੂੰ ਮੁਖ ਰੱਖਦੇ ਹੋਏ ਉਹਨਾਂ ਸਾਂਇੰਸਦਾਨਾਂ ਨਾਲ ਰਲ ਕੇ ਸਾਜ਼ਾਂ ਦੀ ਕਾਢ ਕਢੀ ! ਤੰਤੀਂ ਦੇ ਕਈ ਸਾਜ਼ਾਂ ਦੀ ਅੰਤਰਾਲ ਨੂੰ ਕਈਆਂ ਹਿੱਸਿਆਂ ਵਿਚ ਵੰਡਿਆ ਅਤੇ ਇਸੀ ਤਰ੍ਹਾਂ ਹਵਾ ਦੇ ਸਾਜ਼ਾਂ ਨੂੰ। ਇਹਨਾਂ ਸਾਜ਼ਾਂ ਤੋਂ ਨਿਕਲੀਆਂ ਸੁਰਾਂ ਨੂੰ ਚਮੜੇ ਦੀ ਥਾਪਾਂ ਨਾਲ ਰਲਾ ਕੇ ਕਈ ਮੇਲ ਜੋਲ (ਰਾਗ ਤੇ ਤਾਲ) ਬਣਾਏ ਜੋ ਕਿ ਇਨਸਾਨ ਦੇ ਮਨ ਪ੍ਰਚਾਵੇ ਤੇ ਪ੍ਰਭੂ ਭਗਤੀ ਨੂੰ ਸਮੇਂ, ਰੁਤ ਅਤੇ ਮਨ ਦੀ ਦੁਨਿਆਵੀ ਅਵੱਸਥਾ ਨੂੰ ਮੁਖ ਰੱਖਦਿਆਂ ਹੋਇਆਂ ਪੂਰੇ ਸਿਖਰ ਤੇ ਪਹੁੰਚਾ ਸਕਣ ਤਾਂ ਕਿ ਇਨਸਾਨ ਦਾ ਮਨ ਵਾਹ ਵਾਹ (ਅੱਸਚਰਜਤਾ) ਦੀ ਗਤੀ ਵਿਚ ਲਹਿ ਲਹਾ ਉਠੇ, ਬਿਸਰਾਮ ਅਵੱਸਥਾ ਵਿਚ ਪ੍ਰਵੇਸ਼ ਹੋ ਕੇ ਸਹਿਜ ਅਵੱਸਥਾ ਵਿਚ ਸਮਾ ਜਾਵੇ ! ਇਸ ਸਥਿਤੀ ਦੀ ਪੂਰਨਤਾਈ ਲਈ ਕਾਵਿ ਦਾ ਹੋਣਾਂ ਜਰੂਰੀ ਸੀ ਜਿਸ ਦੀ ਸਮੇਂ ਸਮੇਂ ਅਨੁਸਾਰ ਮੌਕੇ, ਰੁਤ ਅਤੇ ਵਾਤਾਵਰਨ ਮੁਤਾਬਿਕ ਰਚਨਾ ਹੁੰਦੀ ਚਲੀ ਗਈ ਤੇ ਕਈਆਂ ਪ੍ਰਸਿਧ ਵਿਅਕਤੀਆਂ ਨੇ ਅਪਣੀ ਕਾਵਿ ਵਿੱਚ ਇਨਸਾਨ ਦੀ ਸੁਰਤੀ ਦੀ ਇਕਾਗਰਤਾ ਲਈ ਇਹਨਾਂ ਰਾਗਾਂ ਤੇ ਤਾਲਾਂ ਦਾ ਲੋੜੀਂਦਾ ਆਸਰਾ ਲਿਆ, ਕਿਉਂਕਿ ਇਹਨਾਂ ਆਪ ਨਿਜੀ ਤਜਰਬੇ ਰਾਹੀਂ ਮਹਿਸੂਸ ਕੀਤਾ ਕਿ ਇਨਸਾਨ ਦਾ ਮਨ ਇਕ ਖਾਸ ਕਾਵਿ ਜੋ ਕਿ ਵਾਤਾਵਰਣ ਅਤੇ ਰੁਤ ਨੂੰ ਮੁਖ ਰੱਖ ਕੇ ਰਚਿਆ ਗਿਆ ਸੀ, ਕਿਸ ਰਾਗ ਤੇ ਤਾਲ ਰਾਹੀਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਹੋ ਸਕਦਾ ਹੈ ! ਇਹਨਾਂ ਹੀ ਤਜਰਬਿਆਂ ਪ੍ਰਤੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਨੇ ਅਪਣੀ ਪਵਿਤਰ ਬਾਣੀ ਨੂੰ ਜਿਸ ਨੂੰ ਉਹ ਸੰਗੀਤ ਦੀ ਸ਼ੈਲੀ ਵਿਚ ਲਿਆ ਕੇ ਅਪਣੇ ਸਿਖਾਂ ਲਈ ਕਾਮਧੇਨ ਗਊ ਬਨਾਉਣਾ ਚਾਹੁੰਦੇ ਸਨ, ਨਿਸਚਿਤ ਰਾਗ, ਤਾਲ ਤੇ ਧੁਨਿ ਵਿਚ ਗਾਉਣ ਦਾ ਉਪਦੇਸ਼ ਕੀਤਾ ! ਗੁਰੂ ਸਾਹਿਬਾਂ ਨੇ ਕਈ ਬਾਣੀਆਂ ਨੂੰ ਪਾਠ ਰਾਹੀਂ ਹੀ ਉਚਾਰਨਾ ਠੀਕ ਸਮਝਿਆ ਤੇ ਕਈਆਂ ਨੂੰ ਸੰਗੀਤ ਸ਼ੈਲੀ ਰਾਹੀਂ ਗਾਉਣਾ ਅਤੇ ਕਈ ਐਸੀਆਂ ਬਾਣੀਆਂ ਯਾਂ ਵਾਰਾਂ ਹਨ ਜਿਸ ਦੀਆਂ ਤਰਜ਼ਾਂ/ਧੁਨੀਆਂ ਨਿਸਚਿਤ ਕਰ ਦਿੱਤੀਆਂ ਹਨ ॥ ਉਹਨਾਂ ਨੇ ਆਪ ਸੰਗੀਤ ਸ਼ੈਲੀ ਵਿਚ ਵਾਤਾਵਰਨ, ਮੌਸਮ ਵਗੈਰਾ ਦੀ ਤੀਬਰਤਾ ਨੂੰ ਪਹਿਚਾਣਦੇ ਹੋਏ ਸੰਗਤ ਵਿਚ ਗਾ ਕੇ ਸਰੋਤਿਆਂ ਦਾ ਮਨ ਮੋਹਿਆ ਤੇ ਉਹਨਾਂ ਦਾ ਮਨ ਇਕਾਗਰਤਾ ਵਿਚ ਲਿਆਉਂਦੇ ਹੋਏ ਉਸ ਅਕਾਲ ਪੁਰਖ ਦੀ ਫਿਤਰਤ ਪ੍ਰਤੀ ਸਿਫਤ ਸਲਾਹ ਵਿਚ ਲੀਨ ਕਰ ਦਿਤਾ ਤੇ ਸਹਿਜ ਅਨੰਦ ਮਾਣਣ ਦਾ ਤਰੀਕਾ ਦਰਸਾਇਆ ! ਉਹਨਾਂ ਨੇ ਕੀਰਤਨ ਦੇ ਅਨੰਦ ਦੀ ਵਰਖ਼ਾ ਕਰਦੇ ਹੋਏ ਸੰਗਤ ਨੂੰ ਚੌਥੇ ਪੱਦ ਦੀ ਪ੍ਰਾਪਤੀ (ਨਾਮ) ਦਾ ਸਾਧਨ ਬਖ਼ਸ਼ਿਸ਼ ਕੀਤਾ !!

ਧੰਨ ਹਨ ਉਹ ਮੇਰੇ ਸਤਿਗੁਰ ਜਿਨਾਂ ਨੇ ਇਹ ਲੀਹ ਚਲਾਈ, ਧੰਨ ਉਹ ਸਿਖ ਸੰਗਤ ਜਿਹੜੀ ਨਾਮ ਸਿਮਰਣ, ਗੁਰਬਾਣੀ ਕੀਰਤਨ ਦਾ ਉਚਾਰਨ ਕਰਦੀ ਸੀ ਤੇ ਸੁਣਦੀ ਸੀ !! ਧੰਨ ਉਹ ਰਾਗ, ਤਾਲ ਤੇ ਤਰਜ ਜਿਸ ਰਾਹੀਂ ਉਸ ਵਾਹਿਗੁਰੂ ਦੀ ਉਸਤਤੀ ਕਰਦਿਆਂ ਮਨ ਬਿਸਰਾਮ ਦੀ ਅਵੱਸਥਾ ਵਿਚ ਪ੍ਰਵੇਸ਼ ਕਰ ਜਾਂਦਾ ਹੋਵੇਗਾ ! ਸਾਨੂੰ ਬਹੁਤ ਖੁਸ਼ੀ ਹੋਵੇਗੀ ਜੇ ਰਾਗੀ ਸਿੰਘ ਕੀਰਤਨ ਉਸੇ ਰਾਗ, ਤਾਲ ਤੇ ਤਰਜ਼ ਵਿਚ ਕਰਨ ਜਿਦਾਂ ਕਿ ਸਤਿਗੁਰਾਂ ਦੀ ਹਜ਼ੂਰੀ (ਜਦੋਂ ਉਹ ਸਰੀਰਕ ਤੌਰ ਤੇ ਮਜੂਦ ਸਨ) ਵਿਚ ਹੋਇਆ ਕਰਦਾ ਸੀ ਤੇ ਸੰਗਤ ਸਹਿਜ

ਅਵੱਸਥਾ ਵਿਚ ਝੂਮਦੀ ਹੁੰਦੀ ਸੀ ! ਹੁਣ ਤਾਂ ਸਾਜ਼ ਬਦਲ ਗਏ ਹਨ ! ਗੁਰੂ ਨਾਨਕ ਸਾਹਿਬ ਦੇ ਵੇਲੇ ਦੀ ਰਬਾਬ ਕੋਈ ਨਹੀਂ ਵਜਾਉਂਦਾ, ਗੁਰੂ ਅਰਜਨ ਦੇਵ ਜੀ ਦੇ ਵੇਲੇ ਦਾ ਸਾਰੰਦਾ ਕੋਈ ਵਜਾਉਣ ਦੀਂ ਜੁਰੱਤ ਨਹੀਂ ਕਰਦਾ ਕਿਉਂਕਿ ਇਹ ਤੰਤੀ ਸਾਜ਼ ਹਾਰਮੋਨੀਅਮ ਦੇ ਮੁਕਾਬਲੇ ਵਜਾਉਣੇ ਬਹੁਤ ਮੁਸ਼ਕਲ ਹਨ ! ਹਾਰਮੋਨੀਅਮ ਵਿਚ ਸੁਰਾਂ ਨਿਸਚਿਤ ਹਨ ਜਦੋਂ ਕਿ ਤੰਤੀ ਸਾਜ਼ਾਂ ਸਰੰਗੀ, ਰਬਾਬ, ਸਰੰਦਾ, ਸਰੋਦ ਵਗੈਰਾ ਵਿਚ ਇਹ ਨਹੀਂ ! ਪਰੰਤੂ ਵਜਾਉਣ ਲਈ ਮਿਹਨਤ ਦੀ ਲੋੜ ਹੈ, ਵਾਹਿਗੁਰੂ ਅਤੇ ਸਤਿਗੁਰ ਦੀ ਬਖਸ਼ਿਸ਼ ਦੀ ਲੋੜ ਹੈ ॥ "ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਸਾਹਿਬ ਦੀ ਬਾਣੀ ਦਾ ਇਕ ਇਕ ਸ਼ਬਦ ਸਚਾਈ ਤੇ ਪੂਰਨਤਾਈ ਨਾਲ ਭਰਪੂਰ ਹੈ ॥ ਕਿਸੇ ਵੀ ਸ਼ਬਦ ਦੀ ਪੂਰਤੀ ਲਈ ਕਿਸੇ ਹੋਰ ਸ਼ਬਦਾਂ ਦੀਆਂ ਤੁਕਾਂ ਦੇ ਉਦਾਹਰਨ ਦੇਣ ਦੀ ਲੋੜ ਕਤੱਹੀ ਹੀ ਨਹੀਂ ਪੈਂਦੀ ਪਰੰਤੂ ਕਈ ਰਾਗੀ ਸਿੰਘ ਇਕ ਸ਼ਬਦ ਦਾ ਕੀਰਤਨ ਅਰੰਭ ਕਰਦੇ ਹਨ ਤੇ ਇਸ ਦੀ ਸੰਪੂਰਨਤਾਈ ਤੋਂ ਪਹਿਲੋਂ ਹੀ ਦੂਸਰੇ ਸ਼ਬਦਾਂ ਦੀਆਂ ਤੁਕਾਂ ਉਦਾਹਰਨ ਵਜੋਂ ਪੜ੍ਹਨੀਆਂ ਅਰੰਭ ਕਰ ਦਿੰਦੇ ਹਨ ਤੇ ਪਹਿਲੇ ਅਸਲ ਸ਼ਬਦ ਉਤੇ ਪੜਦਾ ਹੀ ਪਾ ਰੱਖਦੇ ਹਨ। ਕਈ ਵਾਰੀ ਵੇਖਣ ਵਿਚ ਆਇਆ ਹੈ ਕਿ ਅਸਲ ਸ਼ਬਦ ਜੋ ਅਰੰਭਿਆ ਸੀ, ਨੂੰ ਕੀਰਤਨ ਦੁਆਰਾ ਪੂਰਾ ਗਾਇਨ ਵੀ ਨਹੀਂ ਕਰਦੇ ! ਇਹ ਗੁਰਬਾਣੀ ਦੀ ਖੰਡਤਾ ਹੈ, ਇਦਾਂ ਕਰਨ ਨਾਲ ਰਾਗੀ ਸਿੰਘਾਂ ਦੇ ਹਿਸੇ ਜੋ ਸੇਵਾ ਲਗੀ ਹੋਈ ਸੀ ਉਹ ਅਧੂਰੀ ਰਹਿ ਜਾਂਦੀ ਹੈ ਤੇ ਜੋ ਗੁਰਮੁਖਿ ਸਜਣ ਪਹਿਲੀਆਂ ਤੁਕਾਂ ਰਾਹੀਂ ਕੀਰਤਨ ਵਿਚ ਜੁੜੇ ਹੁੰਦੇ ਹਨ, ਦੀ ਬਿਰਤੀ ਇਕਾਗਰਤਾ ਦੇ ਰਸਤੇ ਤੋਂ ਭਟਕ ਜਾਂਦੀ ਹੈ ਤੇ ਉਹਨਾਂ ਦਾ ਸਮਾਂ ਅਸਲ ਸ਼ਬਦ ਦੀਆਂ ਤੁਕਾਂ ਦੀ ਭਾਲ ਵਿਚ ਹੀ ਨਸ਼ਟ ਹੋ ਜਾਂਦਾ ਹੈ ॥

ਹਉਮੈ ਤੀਬਰ ਰੋਗ ਹੈ ! ਕੋਈ ਵਿਰਲਾ ਹੀ ਇਸ ਦੀ ਪ੍ਰਛਾਈ ਤੋਂ ਬਚ ਸਕਿਆ ਹੈ ! ਰਾਗੀ ਸਿੰਘਾਂ ਤੇ ਵੀ ਇਸ ਦੀ ਪ੍ਰਛਾਈ ਦਾ ਕੋਈ ਘਟ ਅਸਰ ਨਹੀਂ ! ਜਿਥੇ ਕਿ ਇਹਨਾਂ ਨੂੰ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ ਕਰਦਿਆਂ ਸੱਚੇ ਦਰਬਾਰ ਨਾਲ ਰਿਸ਼ਤਾ ਜੋੜਨ ਲਈ ਗੁਰੂ ਸਾਹਿਬ ਦੀ ਬਖਸ਼ਿਸ਼ ਤੇ ਰਹਿਮਤ ਵਾਸਤੇ ਆਪਣੀ ਕਲਾ ਦੀ ਪ੍ਰਦਰਸ਼ਨੀ ਕਰਨੀ ਸ਼ੋਭਦੀ ਹੈ :

"ਨਾਨਕ ਆਖੈ ਏਹੁ ਬੀਚਾਰੁ ॥ ਸਿਰਤੀ ਗੰਢੁ ਪਵੈ ਦਰਬਾਰਿ ॥"

ਪਰੰਤੂ ਉਹ ਸੰਗਤ ਵਲੋਂ ਅਪਣੀ ਵਾਹ ਵਾਹ ਦੇ ਤੀਬਰ ਇਛੁਕ ਹੁੰਦੇ ਹਨ, ਚਾਹੇ ਮਾਇਆ ਦੀ ਬੁਛਾੜ ਪ੍ਰਤੀ ਯਾਂ ਜੈਕਾਰਿਆਂ ਵਜੋਂ ! ਉਹਨਾਂ ਨੂੰ ਸ਼ਬਦ ਦੇ ਰਹਿਸ ਨਾਲ ਘਟ ਸਨੇਹ ਹੁੰਦਾ ਹੈ ਤੇ ਤਰਜ਼ ਤੇ ਰਾਗ ਨਾਲ ਜਿਆਦਾ ! ਇਸ ਤਰ੍ਹਾਂ ਉਹ ਗੁਰੂ ਸਾਹਿਬ ਦੇ ਦਰਸਾਏ ਅਸੂਲ ਉਕਾ ਹੀ ਭੁਲ ਜਾਂਦੇ ਹਨ ! ਹਮੇਸ਼ਾ ਸ਼ਬਦ ਦਾ ਦਰਜਾ ਅੱਵਲ ਹੈ ਤੇ ਰਾਗ ਨਾਦ ਦਾ ਦੁਆਮ/ਦੂਸਰਾ ! ਗੁਰਬਾਣੀ ਰਾਗ ਦੇ ਅਧਾਰ ਤੇ ਗਾਈ ਜਾਵੇ ਤਾਂ ਸੋਨੇ ਤੇ ਸੁਹਾਗਾ ਹੁੰਦਾ ਹੈ ਤੇ ਜੇ ਰਾਗ ਨਾਦ ਨੂੰ ਅਗੇ ਤੇ ਗੁਰਬਾਣੀ ਪਿਛੇ ਤਾਂ ਸੌਦਾ ਘਾਟੇ ਵੰਦਾ ਹੀ ਹੋਵੇਗਾ !

ਫਿਲਮਾਂ ਦੇ ਸੰਗੀਤ ਦੇ ਅਧਾਰ ਤੇ ਸ਼ਬਦ ਕੀਰਤਨ ਕਰਨਾ ਗੁਰੂ ਗਰੰਥ ਦੀ ਹਜੂਰੀ ਵਿਚ ਬੈਠੇ ਸਰੋਤਿਆਂ ਨੂੰ ਸਿਨਮਾ ਹਾਲ ਵਿਚ ਲਿਜਾਣ ਦੇ ਬਰਾਬਰ ਹੈ ਕਿਉਂਕਿ ਉਹਨਾਂ ਦਾ ਮਨ (ਜਿਸ ਦੀ ਗਤੀ ਬਹੁਤ ਪ੍ਰਬਲ ਹੈ) ਫਿਲਮ ਦੇ ਦ੍ਰਿਸ਼ ਜਿਸ ਵਿਚ ਇਸ ਤਰਜ਼ ਤੇ ਗੀਤ ਗਾਇਆ ਹੋਵੇ, ਵਿਚ ਹੀ ਘੁੰਮਣਾ ਅਰੰਭ ਕਰ ਦਿੰਦਾ ਹੈ ॥ ਸ਼ਬਦ ਦੇ ਲਫਜ਼ ਤੇ ਉਸ ਦੀ ਡੂੰਘਾਈ ਮਨ ਨੂੰ ਪੋਂਹਦੀ ਨਹੀਂ ਤੇ ਮਨ ਰਾਗ ਨਾਦ ਤੇ ਫਿਲਮ ਦੇ ਦ੍ਰਿਸ਼ ਵਿਚ ਮਸਤ ਹੁੰਦਾ ਬੇਹਾਲ ਹੋ ਜਾਂਦਾ ਹੈ ! ਇਸ ਤਰੁਟੀ ਤੇ ਬੇਹਾਲਤਾ ਦਾ ਜ਼ੁਮੇਵਾਰ ਵੀ ਉਹੀ ਕਲਾਕਾਰ ਰਾਗੀ ਸਿੰਘ ਹੀ ਹੈ ॥ ਇਸੀ ਤਰ੍ਹਾਂ ਕਈਆਂ ਰਾਗੀਆਂ ਦੀ ਰੁਚੀ ਸ਼ਬਦ ਦੀ ਬਜਾਏ ਕਥਾ ਵਾਰਤਾ ਵਿਚ ਜਿਆਦਾ ਹੁੰਦੀ ਹੈ ! ਸ਼ਬਦ ਦੇ ਅਰਥ ਦਰਸਾਉਣੇ ਤਾਂ ਅਤੀ ਜਰੂਰੀ ਹਨ ਪਰੰਤੂ ਉਹ ਅਪਣੀ ਵਿੱਦਿਆ ਤੇ ਸੂਝ ਦੇ ਦਿਖਾਵੇ ਰਾਹੀਂ ਗੁਰਬਾਣੀ ਦੇ ਰਹਿਸ ਨੂੰ ਪਛਾਂਹ ਸੁਟ ਦਿੰਦੇ ਹਨ ! ਜਿਥੇ ਉਹਨਾਂ ਨੇ ਪ੍ਰਭੂ ਭਗਤੀ ਤੇ ਗੁਰੂ ਕਿਰਪਾ ਨਾਲ ਝੋਲੀ ਭਰ ਕੇ ਜਾਣਾ ਸੀ ਉਥੇ ਉਹਨਾਂ ਨੂੰ ਹਉਮੈ ਦੇ ਜਾਲ ਵਿਚ ਗ੍ਰਸੇ ਮਾਇਆ ਦਾ ਝੋਲਾ ਤੇ ਪਾਪਾਂ ਦੀ ਗੰਢ ਵਿਰਸੇ ਵਿਚ ਆਉਂਦੀ ਹੈ ! ਇਹ ਚੋਲਾ ਲਾਹਾ ਲੈਣ ਵਾਸਤੇ ਹੈ, ਇਸ ਲਈ ਸਾਨੂੰ ਤੇ ਸਾਡੀਆਂ ਸੰਸਥਾਂਵਾਂ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਤੇ ਅਸਲੀ ਲਾਹੇ ਲੈਣ ਲਈ ਤਰ੍ਹਾਂ ਤਰ੍ਹਾਂ ਦੀਆਂ ਕਾਢਾਂ ਕੱਢਣੀਆਂ ਚਾਹੀਦੀਆਂ ਹਨ ਤਾਂ ਕਿ ਜੋ ਅੱਜਕਲ੍ਹ ਦੀ ਜਵਾਨ ਪੀੜ੍ਹੀ ਪ੍ਰਭੂ ਭਗਤੀ ਤੋਂ ਦੂਰ ਜਾ ਰਹੀ ਹੈ ਤੇ ਕੇਵਲ ਰਾਗ ਨਾਦ ਵਿਚ ਖਚਤ ਹੁੰਦੀ ਜਾ ਰਹੀ ਹੈ ਉਸ ਨੂੰ ਕਿਸ ਤਰ੍ਹਾਂ ਦੀ ਕੀਰਤਨ ਸ਼ੈਲੀ ਤੇ ਸਵੱਛ ਸੰਗੀਤ ਰਾਹੀਂ ਸਹੀ ਮਾਰਗ ਤੇ ਲਗਾਇਆ ਜਾ ਸਕਦਾ ਹੈ ! ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਗੁਰਦੁਆਰਾ ਕਮੇਟੀ ਦਿੱਲੀ ਤੇ ਪੰਜਾਬ ਦੀਆਂ ਯੂਨੀਵਰਸਟੀਆਂ ਦੀ ਸੰਗਠਿਤ ਜ਼ੁਮੇਵਾਰੀ ਬਣਦੀ ਕਿ ਉਹ ਇਕੱਠੇ ਹੋ ਕੇ ਕੀਰਤਨ ਤੇ ਨਾਮ ਸਿਮਰਨ ਪ੍ਰਤੀ ਇਕ ਖੋਜ ਪੱਖ (Research Wing) ਦੀ ਸਥਾਪਨਾ ਕਰਨ ਤਾਂ ਕਿ ਨਵੀਂ ਪੀੜੀ ਨੂੰ ਸਹੀ ਮਾਰਗ ਤੇ ਲਿਆਉਣ ਲਈ ਲੋੜੀਂਦੀ ਸੇਧ ਮਿਲ ਸਕੇ !

# ਭਾਈ ਸਮੁੰਦ ਸਿੰਘ ਰਾਗੀ

ਬਲਵੰਤ ਗਾਰਗੀ

ਰਾਵਲਪਿੰਡੀ ਵਿਚ ਬੂਟਾ ਸਿੰਘ ਦੀ ਸਰਾਂ ਵਿਖੇ 1929 ਵਿਚ ਸਿੱਖ ਐਜੂਕੇਸ਼ਨਲ ਕਾਨਫਰੰਸ ਹੋਈ । ਇਸ ਵਿਚ ਗੁਰਬਾਣੀ ਰਾਗ-ਵਿਦਿਆ ਦਾ ਮੁਕਾਬਲਾ ਹੋਇਆ । ਉਹਨਾਂ ਦਿਨਾਂ ਵਿਚ ਇਹੋ ਜਿਹੇ ਮੁਕਬਲੇ ਅਕਸਰ ਹੋਇਆ ਕਰਦੇ ਸਨ । ਕੀਰਤਨ ਦਰਬਾਰ ਵਿਚ ਜੱਜਾਂ ਨੂੰ ਪੱਕੇ ਰਾਗ ਤੇ ਗੁਰਬਾਣੀ ਦਾ ਡੂੰਘਾ ਗਿਆਨ ਹੁੰਦਾ ਸੀ । ਇਸ ਕਾਨਫਰੰਸ ਉਤੇ ਸਮੁੰਦ ਸਿੰਘ ਨੂੰ ਉੱਚ ਕੋਟੀ ਦਾ ਰਾਗੀ ਕਰਾਰ ਦਿੱਤਾ ਗਿਆ । ਉਸ ਦੀ ਜਾਦੂਮਈ ਤੇ ਸੁਰੀਲੀ ਆਵਾਜ਼ ਖਰਜ ਦੀ ਹੇਠਲੀ ਸਪਤਕ ਤੀਕ ਆਸਾਨੀ ਨਾਲ ਉਤਰ ਜਾਂਦੀ ਸੀ ਤੇ ਉਪਰ ਤਾਰ ਸਪਤਕ ਦੇ ਟੀਪ ਦੇ ਸੁਰਾਂ ਨੂੰ ਜਗਾਉਂਦੀ ਸੀ ।

ਸਮੁੰਦ ਸਿੰਘ ਨੂੰ ਨਨਕਾਣਾ ਸਾਹਿਬ ਦਾ ਹਜ਼ੂਰੀ ਰਾਗੀ ਥਾਪਿਆ ਗਿਆ, ਜੋ ਸਭ ਤੋਂ ਉੱਤਮ ਸਨਮਾਨ ਸੀ । ਉਸ ਵਿਚ ਸੱਜਰਾ ਚਮਤਕਾਰ ਸੀ ਤੇ ਉਹ ਤੁਰੰਤ ਹੀ ਇਕ ਉਸਤਾਦ ਰਾਗੀ ਦੇ ਤੌਰ 'ਤੇ ਜਾਣਿਆ ਜਾਣ ਲੱਗਾ ।

ਗੁਰਬਾਣੀ ਗਾਇਨ ਵਿਚ ਉਸ ਦੀ ਕੀ ਵਿਸ਼ੇਸ਼ਤਾ ਸੀ ? ਇਹ ਵਿਸ਼ੇਸ਼ਤਾ ਕਈ ਪੱਧਰਾਂ ਉਤੇ ਸੀ - ਸ਼ਾਬਦਿਕ ਅਰਥ, ਦਾਰਸ਼ਨਿਕ ਸੰਦਰਭ, ਧਾਰਮਿਕ ਗਹਿਰਾਈ, ਭਾਵ, ਜਜ਼ਬਾ ਤੇ ਰਹੱਸਮਈ ਮਹੱਤਵ ਦੀ ਵਿਆਖਿਆ ਤੇ ਲੋਕਾਂ ਨੂੰ ਟੁੰਬਣ ਦੀ ਸ਼ਕਤੀ । ਇਸ ਤੋਂ ਇਲਾਵਾ ਰਾਗਾਂ ਦੀ ਸੰਗੀਤਕ ਵਿਉਂਤ, ਕਲਾਸਕੀ ਸਾਂਚੇ ਵਿਚ ਢਲੇ ਸੁਰਾਂ ਤੇ ਤਾਲਾਂ ਦੀਆਂ ਸੰਯੁਕਤ ਵੰਨਗੀਆਂ ਅਤੇ ਸੱਜਰੀ ਸ਼ਕਤੀ ਨਾਲ ਸਰਸ਼ਾਰ ਗੁਰਬਾਣੀ ਗਾਇਨ ਦੀ ਵਿਸ਼ੇਸ਼ ਪਰੰਪਰਾ ।

ਜਦੋਂ ਉਹ ਵਿਆਖਿਆਨ ਕਰਦਾ ਤਾਂ ਇਕ ਤੁਕ ਨੂੰ ਉਸੇ ਵਿਚਾਰ ਵਾਲੀ ਕਿਸੇ ਹੋਰ ਤੁਕ ਨਾਲ ਜੋੜਦਾ ਅਤੇ ਸ਼ਬਦ ਉਤੇ ਧਿਆਨ ਕੇਂਦਰਿਤ ਕਰਨ ਲਈ ਹੋਰਨਾਂ ਧਰਮਾਂ ਦੀਆਂ ਅੰਤਰਪ੍ਰੇਰਿਤ ਸਤਰਾਂ ਵਿਚ ਗੁੰਦ ਦੇਂਦਾ । ਉਹ ਸ਼ਬਦ ਦੇ ਅਰਥਾਂ ਨੂੰ ਵਿਸਥਾਰ ਦੇਣ ਲਈ ਸ਼ਾਸਤਰਾਂ ਵਿਚੋਂ ਪ੍ਰਮਾਣ ਦੇਂਦਾ । ਇਸ ਤਰ੍ਹਾਂ ਜਾਪਦਾ ਜਿਵੇਂ ਉਹ ਕਿਸੇ ਬਲਦੀ ਮਿਸ਼ਾਲ ਨਾਲ ਸ਼ਬਦ ਨੂੰ ਰੌਸ਼ਨ ਕਰ ਰਿਹਾ ਹੋਵੇ ਅਤੇ ਹੋਰਨਾਂ ਧਰਮਾਂ ਦੇ ਪੀਰਾਂ ਪੈਗੰਬਰਾਂ ਦੇ ਰਹੱਸਮਈ ਕਥਨਾਂ ਨੂੰ ਆਪਣੇ ਕੀਰਤਨ ਦੇ ਪ੍ਰਕਾਸ਼ ਦੁਆਰਾ ਦ੍ਰਿਸ਼ਟਮਾਨ ਕਰ ਰਿਹਾ ਹੋਵੇ । ਇਕ ਤੁਕ ਨੂੰ ਦੂਜੇ ਨਾਲ ਜੋੜਨ, ਹਵਾਲੇ ਦੇਣ ਤੇ ਠੁਕ ਬੰਨ੍ਹਣ ਦਾ ਉਸਤਾਦ ਭਾਈ ਸਮੁੰਦ ਸਿੰਘ ਸੰਗਤਾਂ ਦੇ ਦਿਲਾਂ ਅੰਦਰ ਰਹੱਸਮਈ ਝਰਨਾਵਾਂ ਛੇੜ ਦੇਂਦਾ ।

ਕਈ ਵਾਰ ਸ਼ਬਦ ਨੂੰ ਗਾਉਂਦੇ-ਗਾਉਂਦੇ ਉਹ ਵਿਚੋਂ ਹੀ ਰਾਗ ਨੂੰ ਬਦਲ ਦੇਂਦਾ ਪਰ ਸਬਦ ਦੀ ਨਿਰੰਤਰਤਾ ਭੰਗ ਨਹੀਂ ਸੀ ਹੋ ਦੇਂਦਾ । ਮਿਸਾਲ ਦੇ ਤੌਰ 'ਤੇ ਉਹ ਅੰਮ੍ਰਿਤ ਵੇਲੇ ਤਾਰਿਆਂ ਦੀ ਛਾਵੇਂ ਕਿਸੇ ਸ਼ਬਦ ਨੂੰ ਆਸਾ ਰਾਗ ਵਿਚ ਸ਼ੁਰੂ ਕਰਦਾ । ਸ਼ਬਦ ਗਾਉਂਦਿਆਂ ਤੇ ਮਸਤੀ ਵਿਚ ਝੂਮਦਿਆਂ ਜਦ ਉਸ ਨੂੰ ਪਤਾ ਲੱਗਦਾ ਕਿ ਆਕਾਸ਼ ਵਿਚ ਮੋਤੀਆ ਰੰਗ ਖੁਰ ਗਏ ਨੇ ਤੇ ਪਹੁ ਫੁੱਟ ਪਈ ਹੈ ਤਾਂ ਉਹ ਸਮੇਂ ਦੇ ਬਦਲਣ ਨਾਲ ਸਹਿਜ ਸੁਭਾਅ ਹੀ ਆਸਾ ਰਾਗ ਦੇ ਸੁਰਾਂ ਨੂੰ ਭੈਰਵ ਰਾਗ ਦੇ ਸੁਰਾਂ ਵਿਚ ਬਦਲ ਦੇਂਦਾ । ਸ਼ਬਦ ਨੂੰ ਉਸੇ ਤਾਲ ਵਿਚ ਗਾਉਂਦੇ ਹੋਏ ਇਕ ਰਾਗ ਨੂੰ ਦੂਜੇ ਰਾਗ ਵਿਚ ਪੰਘਰਾ ਦੇਣਾ ਸਮੁੰਦ ਸਿੰਘ ਦੀ ਰਾਗ ਵਿਦਿਆ ਦਾ ਕ੍ਰਿਸ਼ਮਾ ਸੀ । ਇਸ ਸੰਗੀਤਕ ਖੂਬੀ ਉਤੇ ਪੱਕੇ ਰਾਗ ਦੇ ਗੁਣੀ ਅਸ਼-ਅਸ਼ ਕਰ ਉਠਦੇ । ਉਸ ਦੀ ਗਾਇਕੀ ਸਵੇਰ ਸਾਰ ਦੇ ਰੰਗਾ ਵਾਂਗ ਸੀ ਜੋ ਇਕ ਦੂਜੇ ਵਿਚ ਵੱਟ ਰਹੇ ਹੋਣ । ਉਹ ਵਕਤ ਬਦਲਣ ਨਾਲ ਭੈਰਵ ਤੋਂ ਭੈਰਵੀਂ ਵਿਚ ਆ ਜਾਂਦਾ ਤੇ ਫਿਰ ਆਸਾਵਰੀ ਵਿਚ ਜੋ ਸਵੇਰੇ ਅੱਠ ਵਜੇ ਦਾ ਰਾਗ ਹੈ । ਸ਼ਬਦ ਉਹੀ ਕਾਇਮ ਰਹਿੰਦਾ ਪਰ ਵੇਲੇ ਨਾਲ ਰਾਗ ਤੇ ਭਾਵ ਦੇ ਰੰਗ ਬਦਲਦੇ ਰਹਿੰਦੇ ਤੇ ਉਹ ਸ਼ਬਦ ਨੂੰ ਕਈ ਪੱਧਰਾਂ ਉਤੇ ਭਿੰਨ-ਭਿੰਨ ਤਰਬਾਂ ਵਿਚ ਸਮੋ ਕੇ ਪੇਸ਼ ਕਰਦਾ ।

ਉਸ ਤੋਂ ਪਹਿਲਾਂ ਕਈ ਮਹਾਨ ਰਾਗੀਆਂ ਨੇ ਵੀਂ ਸ਼ਬਦਾਂ ਨੂੰ ਇਸੇ ਸੰਗੀਤਕ ਜੁਗਤ ਨਾਲ ਗਾਇਆ ਸੀ । ਮਿਸਾਲ ਦੇ ਤੌਰ 'ਤੇ ਹਰਿਮੰਦਰ ਸਾਹਿਬ ਦੇ ਰਬਾਬੀ ਭਾਈ ਚਾਂਦ ਖਾਂ ਤੇ ਉਸ ਦੇ ਸਾਥੀ ਭਾਈ ਚੰਨਣ ਖਾਂ ਨੇ ਵੀ ਸ਼ਬਦ ਦੀ ਨਿਰੰਤਰਤਾ ਕਾਇਮ ਰੱਖਦਿਆਂ ਰਾਗਾਂ ਨੂੰ ਸਮੇਂ ਅਨੁਸਾਰ ਬਦਲ ਕੇ ਗਾਇਆ ਸੀ । ਪਰ ਭਾਈ ਚਾਂਦ ਖਾਂ ਕੋਲ ਭਾਈ ਸਮੁੰਦ ਸਿੰਘ ਵਰਗੀ ਖਰਜ ਦੀ ਸੁਰ ਤੇ ਸ਼ਬਦ ਦਾ ਅਨੂਠਾ

ਸੁਮੇਲ ਨਹੀਂ ਸੀ । ਸਮੁੰਦ ਸਿੰਘ ਨੇ ਆਮ ਲੋਕਾਂ ਤੇ ਗੁਣੀਆਂ ਨੂੰ ਮੰਤਰ ਮੁਗਧ ਕਰ ਦਿੱਤਾ । ਸਾਦਾ ਔਰਤਾਂ, ਦੁਕਾਨਦਾਰ, ਸੁੱਘੜ ਸੰਗੀਤਕਾਰ ਤੇ ਗੁਰਬਾਣੀ ਦੇ ਧਨੰਤਰ ਵਿਦਵਾਨ ਸਭ ਉਸ ਤੋਂ ਪ੍ਰਭਾਵਿਤ ਹੋਏ ।

ਉਹ ਸ਼ੁੱਧ ਕਲਾਸਕੀ ਪਰੰਪਰਾ ਵਿਚ ਕੀਰਤਨ ਕਰਦਾ ਸੀ । ਆਪਣੀ ਗਾਇਕੀ ਵਿਚ ਉਸ ਨੇ ਰਾਗਾਂ ਦੇ ਅੰਤਰੀਵ ਭਾਵ, ਉਹਨਾਂ ਦੇ ਤੱਤ ਤੇ ਸ਼ਕਤੀ ਨੂੰ ਉਜਾਗਰ ਕੀਤਾ । ਆਰੋਹੀ ਤੇ ਅਵਰੋਹੀ ਸੁਰਾਂ ਦੀਆਂ ਪਟੜੀਆਂ ਚੜ੍ਹਦਾ ਉਤਰਦਾ, ਤਾਨ ਪਲਟੇ ਮਾਰਦਾ ਜ਼ਦੋਂ ਉਹ ਸਮ ਉਤੇ ਆ ਕੇ ਡਿੱਗਦਾ ਤਾਂ ਸ੍ਰੋਤੇ ਵਿਸਮਾਦ ਵਿਚ ਝੂਮ ਉਠਦੇ । ਲੈਆਤਮਕ ਭਾਵ ਤੇ ਸੰਗੀਤਕ ਸੁਰ ਇਸ ਮਹਾਨ ਰਾਗੀ ਤੇ ਸ੍ਰੋਤਿਆਂ ਨੂੰ ਆਪਸ ਵਿਚ ਬੰਨ੍ਹੀ ਰੱਖਦੇ ।

1945 ਦੀ ਗੱਲ ਹੈ, ਮੈਂ ਲਾਹੌਰ ਵਿਚ ਆਲ ਇੰਡੀਆ ਰੇਡੀਓ ਉਤੇ ਬਤੌਰ ਆਰਟਿਸਟ ਕੰਮ ਕਰ ਰਿਹਾ ਸਾਂ । ਗਵੱਈਆਂ, ਸੰਗੀਤਕਾਰਾਂ, ਸ਼ਾਇਰਾਂ, ਕੰਚਣੀਆਂ ਤੇ ਡਰਾਮਾ ਪ੍ਰੋਡਿਊਸਰਾਂ ਦਾ ਇਹ ਕੇਂਦਰ ਸੀ । ਰੇਡੀਓ ਹੀ ਜਨ-ਸੰਚਾਰ ਦਾ ਇੱਕੋ ਇਕ ਮਾਧਿਅਮ ਸੀ ਜੋ ਨਵਾ-ਨਵਾਂ ਸ਼ੁਰੂ ਹੋਇਆ ਸੀ । ਇਸੇ ਲਈ ਚੋਟੀ ਦੇ ਕਲਾਕਾਰ ਇਸ ਵੱਲ ਖਿੱਚੇ ਆਉਂਦੇ ਸਨ । ਮਲਕਾ ਪੁਖਰਾਜ ਸਟੂਡੀਓ ਵਿਚ ਬੈਠੀ ਪਾਨ ਚੱਬਦੀ ਤੇ ਉਸ ਦੇ ਨੱਕ ਦਾ ਕੋਕਾ ਲਿਸ਼ਕਾਰੇ ਮਾਰਦਾ । ਸ਼ਮਸ਼ਾਦ ਬਾਈ ਤੇ ਸੁਰਿੰਦਰ ਕੌਰ ਤੇ ਤੇ ਬੜੇ ਗੁਲਾਮ ਅਲੀ ਖਾਂ ਉਥੇ ਗਾਉਂਦੇ ।

ਇਕ ਦਿਨ ਮੈਂ ਸਟੂਡੀਓ ਵਿਚੋਂ ਦੀ ਲੰਘਿਆ ਤਾਂ ਇਕ ਬੇ-ਹੱਦ ਮੰਝੀ ਹੋਈ ਸੁਰੀਲੀ ਆਵਾਜ਼ ਸੁਣਾਈ ਦਿੱਤੀ । ਇਸ ਵਿਚ ਮਿੱਠੇ ਖਰਜ ਦੇ ਸੁਰ ਗੂਜਦੇ ਸਨ । ਮੈਂ ਪੁੱਛਿਆ, "ਸਹਿਗਲ ਦਾ ਇਹ ਕਿਹੜਾ ਨਵਾਂ ਗੀਤ ਹੈ ?" ਕਿਸੇ ਨੇ ਮੈਨੂੰ ਦੱਸਿਆ ਕਿ ਭਾਈ ਸਮੁੰਦ ਸਿੰਘ ਰਾਗੀ ਗਾ ਰਿਹਾ ਸੀ । ਮੈਂ ਹੈਰਾਨ ਰਹਿ ਗਿਆ । ਇਹੋ ਜਿਹੀ ਆਵਾਜ਼ ਸਹਿਗਲ ਦੇ ਸਿਵਾਏ ਕਿਸੇ ਹੋਰ ਦੀ ਨਹੀਂ ਸੀ ਹੋ ਸਕਦੀ । ਮੈਂ ਕਮਰੇ ਅੰਦਰ ਦਾਖਿਲ ਹੋਇਆ ਤਾਂ ਦੇਖਿਆ ਕਿ ਚਿੱਟੀ ਦਸਤਾਰ ਬੰਨ੍ਹੀ ਤੇ ਬਦਾਮੀ ਵਾਸਕਟ ਪਾਦੀ ਚੌਕੜੀ ਮਾਰੀ ਬੈਠਾ ਕੋਈ ਗੁਰੂ ਦਾ ਸਿੱਖ ਗਾ ਰਿਹਾ ਸੀ । ਖੁੱਲ੍ਹੀ ਕਾਲੀ ਸਿਆਹ ਦਾੜ੍ਹੀ ਤੇ ਚਮਕੀਲੀਆਂ ਜਿਸਤ ਅੱਖਾਂ । ਇਹ ਭਾਈ ਸਮੁੰਦ ਸਿੰਘ ਰਾਗੀ ਸੀ ।

ਸਮੁੰਦ ਸਿੰਘ ਇਕ ਜਨਵਰੀ, ਸੰਨ 1900 ਨੂੰ ਪਿੰਡ ਮੂਲਾ ਹਮਜ਼ਾ, ਜ਼ਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿਚ ਪੈਦਾ ਹੋਇਆ । ਇਹ ਪਿੰਡ ਦਰਿਆ ਰਾਵੀ ਦੀ ਨਹਿਰ ਦੇ ਕੰਢੇ ਸੀ । ਉਸ ਦਾ ਪਿਤਾ ਹਜ਼ੂਰ ਸਿੰਘ ਛਾਂਗਾਂ ਮਾਂਗਾ ਦੇ ਜੰਗਲਾਂ ਦਾ ਨਿਗਰਾਨੀ ਕਰਨ ਵਾਲਾ ਸਰਕਾਰੀ ਅਫਸਰ ਸੀ । ਉਹ ਆਪਣੇ ਸਮੇਂ ਦਾ ਜਾਣਿਆ ਪਛਾਣਿਆ ਕੀਰਤਨਕਾਰ ਸੀ, ਜਿਸ ਨੇ ਉਨ੍ਹੀਵੀਂ ਸਦੀ ਦੇ ਪ੍ਰਸਿੱਧ ਰਾਗੀ ਮਹੰਤ ਸ਼ਾਮ ਸਿੰਘ ਕੋਲੋਂ ਗੁਰਬਾਣੀ ਗਾਇਨ ਦੀ ਸਿੱਖਿਆ ਪ੍ਰਾਪਤ ਕੀਤੀ ਸੀ । ਸਮੁੰਦ ਸਿੰਘ ਦੀ ਦਾਦੀ ਮਾਤਾ ਸਦਾ ਕੌਰ ਗੁਰੂ ਘਰ ਦੀ ਬੜੀ ਸ਼ਰਧਾਲੂ ਸੀ ਜੋ ਪੰਜ ਵਾਰ ਸੁਖਮਨੀ ਸਾਹਿਬ ਦਾ ਨਿੱਤ ਨੇਮ ਕਰਦੀ । ਹਜ਼ੂਰ ਸਿੰਘ ਤਾਊਸ ਉਤੇ ਕੀਰਤਨ ਕਰਦਾ ਤੇ ਭਰਾ ਗੁਰਦਿੱਤ ਸਿੰਘ ਤਬਲੇ ਉਤੇ ਉਸਦੀ ਸੰਗਤ ਕਰਦਾ । ਇਸ ਸੰਗੀਤਕ ਪੰਘੂੜੇ ਵਿਚ ਸਮੁੰਦ ਸਿੰਘ ਨੇ ਅੱਖਾਂ ਖੋਲ੍ਹੀਆਂ ਅਤੇ ਸਭ ਤੋਂ ਪਹਿਲੀ ਆਵਾਜ਼ ਜੋ ਉਸ ਦੇ ਕੰਨਾਂ ਵਿਚ ਪਈ, ਉਹ ਗੁਰਬਾਣੀ ਦੇ ਮਧੁਰ ਸ਼ਬਦ ਸਨ ।

ਸਮੁੰਦ ਸਿੰਘ ਨੇ ਮੈਨੂੰ ਇਕ ਵਾਰ ਦੱਸਿਆ, "ਮੇਰੇ ਪਿਤਾ ਜੀ ਮੈਨੂੰ ਗੋਦੀ ਵਿਚ ਲੈ ਲੈਂਦੇ ਤੇ ਕੀਰਤਨ ਕਰਦੇ । ਕੀਰਤਨ ਸੁਣਦੇ-ਸੁਣਦੇ ਮੈਂ ਉਹਨਾਂ ਦੀ ਗੋਦੀ ਵਿਚ ਸੌਂ ਜਾਂਦਾ । ਤਿੰਨ ਸਾਲ ਦੀ ਉਮਰ ਵਿਚ ਹੀ ਮੈਨੂੰ ਉਹਨਾਂ ਨੇ ਆਪਣੇ ਨਾਲ ਗਾਉਣ ਲਾ ਲਿਆ । ਜਦ ਉਹ ਆਪਣੀ ਗੂੰਜਵੀਂ ਆਵਾਜ਼ ਵਿਚ ਕੀਰਤਨ ਕਰਦੇ ਤਾਂ ਮੈਂ ਪਤਲੀ ਆਵਾਜ਼ ਵਿਚ ਉਹਨਾਂ ਦੇ ਨਾਲ ਗੁਣਗੁਣਾਉਂਦਾ ।"

ਸਮੁੰਦ ਸਿੰਘ ਸੱਤ ਸਾਲ ਦੀ ਉਮਰ ਵਿਚ ਪਹਿਲੀ ਵਾਰ ਮੰਚ ਉਤੇ ਆਇਆ ਤੇ ਇਹ ਸ਼ਬਦ ਗਾਇਆ : "ਕਿਰਤ ਕਰਮ ਕੇ ਵਿਛੜੇ, ਕਰ ਕਿਰਪਾ ਮੇਲਹੁ ਰਾਮ ।" ਜਦ ਉਸ ਵੇਲੇ ਦੇ ਵਿਦਵਾਨ ਲੋਕਾਂ ਨੇ ਇਹ ਅਸਾਧਾਰਣ ਗਾਇਨ ਸਰਵਣ ਕੀਤਾ ਤਾਂ ਉਹਨਾਂ ਨੇ ਸਮੁੰਦ ਸਿੰਘ ਦੇ ਮਹਾਨ ਭਵਿੱਖ ਬਾਰੇ

---

*ਪਰਮਜੋਤ ਸਿੰਘ ਨੇ ਆਪਣੇ ਸਮਰਪਣੀ ਕਿਤਾਬਚੇ "ਭਾਈ ਸਾਹਿਬ ਸਮੁੰਦ ਸਿੰਘ ਜੀ ਪ੍ਰਸਿੱਧ ਭਗਤੀ ਭਾਵ ਵਾਲਾ ਗਾਇਕ" ਵਿਚ ਉਸ ਦਾ ਜਨਮ ਤਿੰਨ ਮਾਰਚ, ਸੰਨ 1900 ਦੱਸਿਆ ਹੈ । ਪਰੰਤੂ ਰਾਗੀ ਸਾਹਿਬ ਦੇ ਸਪੁੱਤਰ ਹਰਿਭਜਨ ਸਿੰਘ ਨੇ ਬਲਵੰਤ ਗਾਰਗੀ ਨੂੰ ਲਿਖੀ ਚਿੱਠੀ (15 ਨਵੰਬਰ, 1984) ਵਿਚ ਸੰਕੇਤ ਦਿੱਤਾ ਹੈ ਕਿ ਉਸ ਦੇ ਪਿਤਾ ਦਾ ਜਨਮ ਦਿਨ ਇੱਕ ਜਨਵਰੀ, ਸੰਨ 1900 ਸੀ ।

ਪੇਸ਼ੀਨਗੋਈ ਕੀਤੀ ਉਹ ਧਾਰਮਿਕ ਸਮਾਗਮਾਂ ਤੇ ਗੁਰਪੁਰਬਾਂ ਉਤੇ ਗਾਉਂਦਾ ।

ਜਦ ਉਹ ਜੁਆਨ ਹੋਇਆ ਤਾਂ ਉਸ ਨੇ ਹੋਰਨਾਂ ਰਾਗੀਆਂ ਕੋਲੋਂ ਪ੍ਰੇਰਨਾ ਲਈ ਤੇ ਸੰਗੀਤਕ ਗਿਆਨ ਪ੍ਰਾਪਤ ਕੀਤਾ । ਭਾਈ ਹੀਰਾ ਸਿੰਘ ਤੇ ਸੰਤ ਬਾਬਾ ਅਤਰ ਸਿੰਘ ਉਸ ਦੇ ਕੀਰਤਨ ਦੀ ਬੜੀ ਸ਼ਲਾਘਾ ਕਰਦੇ ਸਨ । ਉਹ ਗੁਜਰਾਂਵਾਲੇ ਦੇ ਮਸ਼ਹੂਰ ਕੀਰਤਨੀਏ ਭਾਈ ਸ਼ੇਰ ਸਿੰਘ ਤੇ ਭਾਈ ਪਿਆਰਾ ਸਿੰਘ ਰਬਾਬੀ ਤੋਂ ਵੀ ਬਹੁਤ ਪ੍ਰਭਾਵਿਤ ਹੋਇਆ ।

ਉਸ ਨੇ 1917 ਵਿਚ ਬੀਬੀ ਦਇਆ ਕੌਰ ਨਾਲ ਸ਼ਾਦੀ ਕੀਤੀ ਅਤੇ 1921 ਵਿਚ ਨਨਕਾਣਾ ਸਾਹਿਬ ਵਿਚ ਵੱਸ ਗਿਆ, ਜਿਥੇ ਉਸਦੀ ਭਗਤੀ ਰਸ ਵਿਚ ਡੁੱਬੀ ਸੰਗੀਤਕ ਕਲਾ ਸਿਖਰ ਉਤੇ ਪੁੱਜੀ । ਗੁਰਬਾਣੀ ਦਰਬਾਰਾਂ ਦਾ ਸੂਰਜ ਭਾਈ ਸਮੁੰਦ ਸਿੰਘ ਨਨਕਾਣਾ ਸਾਹਿਬ ਦਾ ਹਜ਼ੂਰੀ ਰਾਗੀ ਨਿਯਤ ਕੀਤਾ ਗਿਆ ।

ਉਸ ਨੇ ਆਪਣੇ ਚੌਹਾਂ ਬੱਚਿਆਂ ਨੂੰ ਉਚੇਰੀ ਵਿਦਿਆ ਦਿੱਤੀ । ਤਿੰਨ ਧੀਆਂ ਨੇ ਐਮ.ਏ. ਪਾਸ ਕਤਿੀ । ਉਹਨਾਂ 'ਚੋਂ ਦੋ ਸਕੂਲ ਦੀਆਂ ਪ੍ਰਿੰਸੀਪਲ ਬਣੀਆਂ, ਇਕ ਸੀਨੀਅਰ ਅਧਿਆਪਕ, ਤੇ ਇਕਲੌਤਾ ਪੁੱਤਰ ਹਰਿਭਜਨ ਸਿੰਘ ਅਮਰੀਕਾ ਵਿਚ ਇੰਜੀਨੀਅਰ ।

ਸਮੁੰਦ ਸਿੰਘ ਨੇ ਤਕਰੀਬਨ ਸੱਤ ਅੱਠ ਸਾਲ ਨਨਕਾਣਾ ਸਾਹਿਬ ਸੇਵਾ ਕੀਤੀ ਅਤੇ ਫਿਰ ਸੁਤੰਤਰ ਤੌਰ 'ਤੇ ਗੁਰਬਾਣੀ ਦਾ ਕੀਰਤਨ ਕਰਨਾ ਆਰੰਭ ਦਿੱਤਾ । ਠੁਮਰੀ ਦੇ ਉਸਤਾਦ ਬੜੇ ਗੁਲਾਮ ਅਲੀ ਖ਼ਾਂ ਨੇ ਸਮੁੰਦ ਸਿੰਘ ਰਾਗੀ ਦੀ ਸੰਗੀਤਕ ਪ੍ਰਤਿਭਾ ਦੀ ਰੱਜ ਕੇ ਸ਼ਲਾਘਾ ਕੀਤੀ ।

ਸਮੁੰਦ ਸਿੰਘ ਆਲ ਇੰਡੀਆ ਰੇਡੀਓ ਲਾਹੌਰ ਉਤੇ ਅਕਸਰ ਹੀ ਗੁਰਬਾਣੀ ਕੀਰਤਨ ਦਾ ਪ੍ਰੋਗਰਾਮ ਦੇਂਦਾ । ਮੁਸਲਮਾਨ ਵੀ ਇਸ ਪ੍ਰੋਗਰਾਮ ਦੀ ਸੰਗੀਤਕ ਅਮੀਰੀ ਤੇ ਲੈਆਤਮਕ ਖ਼ੂਬਸੂਰਤੀ ਕਰ ਕੇ ਇਸ ਨੂੰ ਸੁਣਦੇ । ਉਸਨੂੰ ਬਹੁਤ ਸਾਰੇ ਪ੍ਰਸੰਸਕਾਂ ਦੀਆਂ ਚਿੱਠੀਆਂ ਆਉਂਦੀਆਂ । ਹਰਿਭਜਨ ਸਿੰਘ ਨੇ ਮੈਨੂੰ ਦੱਸਿਆ ਹੈ, "ਮੇਰੇ ਪਿਤਾ ਜੀ ਦਾ ਇਕ ਪ੍ਰਸੰਸਕ ਮੁਸਲਮਾਨ ਹਕੀਮ ਸੀ । ਬਟਵਾਰੇ ਤੋਂ ਪਿਛੋਂ ਵੀ ਉਹਨਾਂ ਨੂੰ ਲਾਹੌਰ ਤੋਂ ਉਸ ਦੀਆਂ ਚਿੱਠੀਆਂ ਆਉਂਦੀਆਂ ਰਹੀਆਂ । ਉਸ ਹਕੀਮ ਦੀਆਂ ਮੈਨੂੰ ਅਮਰੀਕਾ ਵਿਚ ਵੀ ਕਈ ਚਿੱਠੀਆਂ ਆਈਆਂ, ਜਿਨ੍ਹਾਂ ਵਿਚ ਉਸਨੇ ਬਾਰ ਬਾਰ ਪਿਤਾ ਜੀ ਦੇ ਪ੍ਰੋਗਰਾਮਾਂ, ਰਿਕਾਰਡਾਂ ਤੇ ਟੇਪਾਂ ਬਾਰੇ ਪੁੱਛਿਆ ।"

ਗੁਰਬਾਣੀ ਗਾਇਨ ਦੀਆਂ ਦੋ ਰੀਤਾਂ ਹਨ । ਇਕ ਵਿਚ ਰਾਗੀ ਵਿਆਖਿਆਨ ਦੇਂਦੇ ਹੋਏ ਸ਼ਬਦ ਨੂੰ ਵਧੇਰੇ ਮਹੱਤਤਾ ਦੇਂਦੇ ਹਨ । ਅਜਿਹੇ ਰਾਗੀ ਸ਼ਰਧਾਲੂਆਂ ਵਿਚ ਬਹੁਤ ਕਾਮਯਾਬ ਹਨ । ਦੂਜੀ ਪ੍ਰਕਾਰ ਦੇ ਰਾਗੀ ਗਾਇਨ ਉਤੇ ਬਲ ਦੇਂਦੇ ਹਨ ਤੇ ਸ਼ਬਦ ਨੂੰ ਦੂਜਾ ਸਥਾਨ ਦੇਂਦੇ ਹਨ । ਪਰੰਤੂ ਭਾਈ ਸਮੁੰਦ ਸਿੰਘ ਨੇ ਅਜਿਹੀ ਲੈਆਤਮਕ ਸੁੰਦਰਤਾ ਨਾਲ ਸ਼ਬਦ ਤੇ ਸੰਗੀਤ ਦੇ ਦੋਹਾਂ ਤੱਤਾਂ ਦਾ ਸੁਮੇਲ ਕੀਤਾ ਕਿ ਉਸ ਨੇ ਗੁਰਬਾਣੀ ਗਾਇਨ ਦੀ ਨਵੀਂ ਚੇਤਨਾ ਤੇ ਲੋਹੜੇ ਦੀ ਖਿਚ ਉਤਪੰਨ ਕਰ ਦਿੱਤੀ । ਤਾਨ ਪਲਟੇ ਤੇ ਤਾਲ ਦੇ ਇਸ ਮਹਾਨ ਰਾਗੀ ਨੇ ਆਪਣੀ ਗਾਇਕੀ ਵਿਚ ਸ਼ਬਦ ਨੂੰ ਮਾਂਦ ਨਹੀਂ ਪੈਣ ਦਿੱਤਾ । ਉਹ ਆਖਦਾ ਸੀ, "ਰਾਗ ਗੁਰਬਾਣੀ ਵਿਚ ਰਸ ਦਾ ਵਾਧਾ ਕਰਦਾ ਹੈ । ਜਿਤਨਾ ਇਸਨੂੰ ਸੂਖ਼ਮ ਬਣਾਉਗੇ, ਉਤਨਾ ਹੀ ਜ਼ਿਆਦਾ ਰਸ ਪੈਦਾ ਹੋਵੇਗਾ ।"

ਦੇਸ਼ ਦੀ ਵੰਡ ਵੇਲੇ ਭਾਈ ਸਮੁੰਦ ਸਿੰਘ ਨੂੰ ਆਪਣਾ ਘਰ-ਬਾਰ ਤੇ ਸਾਰੀ ਜਾਇਦਾਦ ਪਾਕਿਸਤਾਨ ਵਿਚ ਛੱਡ ਏਧਰ ਆਉਣਾ ਪਿਆ ਪਰ ਉਹ ਆਪਣਾ ਤੰਬੂਰਾ ਨਾਲ ਲੈ ਆਇਆ, ਜਿਸ ਉਤੇ ਉਹ ਰੋਜ਼ ਰਿਆਜ਼ ਕਰਦਾ ਸੀ । ਉਹ ਦੋ ਸਾਲ ਅੰਮ੍ਰਿਤਸਰ ਰਹਿ ਕੇ ਲੁਧਿਆਣੇ ਆ ਕੇ ਵੱਸ ਗਿਆ । ਉਸ ਨੇ ਕਿਸੇ ਗੁਰਦੁਆਰੇ ਵਿਚ ਨੌਕਰੀ ਨਾ ਕੀਤੀ ਭਾਵੇਂ ਉਸ ਨੂੰ ਹਰਿਮੰਦਰ ਸਾਹਿਬ ਦੇ ਮੁੱਖ ਰਾਗੀ ਦੀ ਪਦਵੀ ਪੇਸ਼ ਕੀਤੀ ਗਈ । ਕਿਸੇ ਪੱਕੀ ਨੌਕਰੀ ਦੇ ਪਿੰਜਰੇ ਵਿਚ ਨਹੀਂ ਸੀ ਬੰਦ ਹੋਣਾ ਚਾਹੁੰਦਾ ਉਹ । ਹਰਿਭਜਨ ਸਿੰਘ ਜੋ ਸੰਗੀਤ ਦਾ ਰਸੀਆ ਤੇ ਗੁਰਬਾਣੀ ਦਾ ਗਿਆਤਾ ਹੈ, ਆਖਦਾ ਹੈ, "ਪਿਤਾ ਜੀ ਨੇ ਆਪਣੇ ਸਾਹ ਦੇ ਬਲ ਨਾਲ ਆਪਣਾ ਜੀਵਨ ਬਿਤਾਇਆ । ਜੋ ਤਿਲ ਫੁੱਲ ਭੇਟਾ ਹੁੰਦਾ, ਉਸ ਨੂੰ ਵਾਹਿਗੁਰੂ ਦਾ ਸ਼ੁਕਰ ਆਖ ਕੇ ਝੋਲੀ ਵਿਚ ਪਾ ਲੈਂਦੇ ।"

ਸਮੁੰਦ ਸਿੰਘ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਗੁਰਬਾਣੀ ਦਾ ਕੀਰਤਨ ਗੁਰੂ ਸਾਹਿਬਾਨ ਦੇ ਹੁਕਮ ਅਨੁਸਾਰ ਰਾਗਾਂ ਤੇ ਤਾਲਾਂ ਦੇ ਨਿਯਮ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ । ਗੁਰੂਆਂ ਨੂੰ ਸੰਗੀਤ ਦਾ ਭਰਵਾਂ ਗਿਆਨ ਸੀ ਅਤੇ ਉਹਨਾਂ ਨੇ ਭਾਵ ਤੇ ਸਮੇਂ ਦੇ ਬੰਧਨ ਨੂੰ ਮੁਖ ਰੱਖ ਕੇ ਇਸ ਦੀ ਰਚਨਾ ਕੀਤੀ । ਉਹਨਾਂ ਲਈ ਸ਼ਬਦ ਤੇ ਸੰਗੀਤ ਅਨਿੱਖੜ ਸਨ । ਪਰ ਅੱਜ

ਕੱਲ੍ਹ ਗੁਰਬਾਣੀ ਦਾ ਅਧਿਐਨ ਕਰਨ ਵਾਲੇ ਬਹੁਤ ਸਾਰੇ ਅਧਿਆਪਕ ਤੇ ਵਿਦਿਆਰਥੀ ਇਸ ਦੇ ਸੰਗੀਤਕ ਅੰਸ਼ਾਂ ਤੋਂ ਕੋਰੇ ਹਨ । ਗੁਰੂਆਂ ਦੇ ਸ਼ਬਦ ਨੂੰ, ਸੰਗੀਤ ਪਾਸਾਰ ਹੀ ਨਹੀਂ ਬਖ਼ਸ਼ਦਾ, ਸਗੋਂ ਇਸ ਵਿਚ ਰੋਸ਼ਨੀ ਭਰਦਾ ਹੈ ਅਥੇ ਇਸ ਦੇ ਸਾਹਿਤਕ ਤੇ ਆਤਮਿਕ ਅਰਥਾਂ ਨੂੰ ਉਜਾਗਰ ਕਰਦਾ ਹੈ । ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਕੀਰਤਨ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ :

1. ਕਥਨ, ਵਯਾਖਯਾਨ । 2. ਗੁਰਮਤ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ 'ਕੀਰਤਨ' ਹੈ "ਕੀਰਤਨ ਨਾਮੁ ਸਿਮਰਤ ਰਹਾਉ ।"

ਭਾਈ ਸਮੁੰਦ ਸਿੰਘ ਪੱਕੇ ਰਾਗ ਦੇ ਨਿਯਮਾਂ ਅਨੁਸਾਰ ਗਾਉਂਦਾ ਸੀ ਅਤੇ ਸ਼ਬਦ ਦੇ ਜਜ਼ਬੇ-ਭਿੱਜੇ ਅਸਰ ਨੂੰ ਕਾਇਮ ਰੱਖਦਾ ਸੀ । ਉਹ ਅਸਥਾਈ ਨੂੰ ਸੂਖਮ ਰੂਪਾਂਤਰਾਂ ਦੁਆਰਾ ਬਾਰ-ਬਾਰ ਦੁਹਰਾ ਕੇ ਨਵਾਂ ਰਸ ਭਰਦਾ । ਉਸ ਦੇ ਸ਼ਬਦ ਗਾਇਨ ਦਾ ਸਰੋਦੀ ਗੁਣ ਸਰੇਸ਼ਟ ਮੰਨਿਆ ਗਿਆ ਹੈ । ਵਿਲੰਬਤ ਲੈਅ ਵਿਚ ਘਾਉਂਦਿਆਂ ਉਹ ਨਦੀ ਦੇ ਸ਼ਾਂਤਮਈ ਪ੍ਰਵਾਹ ਦਾ ਭੁਲੇਖਾ ਸਿਰਜਦਾ ਹੈ; ਤੇ ਫਿਰ ਤਾਨ ਪਲਟੇ ਤੇ ਗਰਾਰੀ ਨਾਲ ਦੁਗਣ ਤੇ ਚੌਗਣ ਵਿਚ ਸ਼ਬਦ ਨੂੰ ਗਾਉਂਦੇ ਹੋਏ ਗਾਇਕੀ ਦੇ ਵੱਖਰੇ-ਵੱਖਰੇ ਪੜਾਵਾਂ ਤੇ ਰੰਗਾਂ ਦਾ ਭੇਦ ਖੋਲ੍ਹਦਾ ਹੈ ।

ਉਸ ਅਨੁਸਾਰ ਚੰਗੇ ਰਾਗੀ ਦੇ ਇਹ ਗੁਣ ਹੋਣੇ ਚਾਹੀਦੇ ਹਨ : ਉੱਚਾ ਸਦਾਚਾਰ, ਬਾਣੀ ਲਈ ਪਿਆਰ, ਸ਼ਬਦ ਦੇ ਅਰਥਾਂ ਦੀ ਸਮਝ, ਸ਼ੁੱਧ ਉਚਾਰਣ, ਪੱਕੇ ਰਾਗਾਂ ਤੇ ਪਰੰਪਰਾ ਦਾ ਡੂੰਘਾ ਗਿਆਨ, ਗੁਰਬਾਣੀ ਦੇ ਸਾਹਿਤਕ, ਅਧਿਆਤਮਕ ਤੇ ਰੂਹਾਨੀ ਤੱਤਾਂ ਦਾ ਬੋਧ । ਤਦ ਹੀ ਬਾਣੀ ਦੇ ਗਾਇਕ ਨੂੰ ਸਹੀ ਅਰਥਾਂ ਵਿਚ ਕੀਰਤਨੀਆਂ ਆਖਿਆ ਜਾ ਸਕਦਾ ਹੈ ।

ਉਸ ਦੀ ਆਪਣੀ ਗਾਇਕੀ ਵਿਚ ਇਹ ਸਾਰੇ ਗੁਣ ਸਨ । ਜਦ ਉਹ ਕੀਰਤਨ ਕਰਦਾ ਤਾਂ ਗੁਰੂ ਨੂੰ ਹਾਜ਼ਰ ਨਾਜ਼ਰ ਸਮਝਦਾ । ਉਸ ਨੂੰ ਵਿਸ਼ਵਾਸ ਹੁੰਦਾ ਕਿ ਵਾਹਿਗੁਰੂ ਉਸਦਾ ਕੀਰਤਨ ਸੁਣ ਰਿਹਾ ਹੈ । ਉਸ ਲਈ ਨਨਕਾਣਾ ਸਾਹਿਬ ਵਿਚ ਕੀਰਤਨ ਸੁਣ ਰਿਹਾ ਹੈ । ਉਸ ਲਈ ਨਨਕਾਣਾ ਸਾਹਿਬ ਵਿਚ ਕੀਰਤਨ ਕਰਨਾ ਨੌਕਰੀ ਨਹੀਂ ਸੀ ਸਗੋਂ ਜੀਵਨ-ਢੰਗ ਸੀ । ਉਸ ਨੇ "ਗੁਰਬਾਣੀ ਨੂੰ ਜੀਵਿਆ ਸੀ, ਤੇ ਇਸ ਦੇ ਸਾਹ ਲਏ ਸਨ ।" ਇਹੋ ਉਸਦਾ ਮਨੋਰੰਜਨ ਸੀ ਤੇ ਇਹੋ ਉਸ ਦੀ ਰੋਜ਼ੀ । ਕਈ ਵਾਰੀ ਕੀਰਤਨ ਕਰਦਿਆਂ ਵਿਸਮਾਦ ਵਿਚ ਆ ਕੇ ਉਸ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ, ਖ਼ਾਸ ਤੌਰ 'ਤੇ ਜਦੋਂ ਉਹ ਗੁਰੂ ਦੇ ਵਿਛੋੜੇ ਬਾਰੇ, ਵਾਹਿਗੁਰੂ ਦੇ ਦਰਸ਼ਨਾਂ ਦੀ ਲੋਚਾ ਬਾਰੇ ਤੇ ਉਸ ਦੇ ਮਿਲਾਪ ਬਾਰੇ ਗਾਉਂਦਾ । ਉਸ ਨੇ ਅਧਿਆਤਮਕ ਸੱਚ ਨੂੰ ਅਜਿਹੇ ਅਨੁਭਵ ਨਾਲ ਪੇਸ਼ ਕੀਤਾ ਕਿ ਸੋਤਿਆਂ ਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਤੇ ਉਹ ਸਿਸਕੀਆਂ ਭਰਨ ਲੱਗਦੇ ।

ਸੰਗੀਤ ਨੂੰ ਸਿੱਖ ਧਰਮ ਵਿਚ ਬਹੁਤ ਉੱਚਾ ਦਰਜਾ ਦਿੱਤਾ ਗਿਆ ਹੈ । ਗੁਰੂਆਂ ਨੇ ਇਸ ਨੂੰ ਆਪਣੇ ਰੂਹਾਨੀ ਪੈਗਾਮ ਦੇ ਸੰਚਾਰ ਦਾ ਮਾਧਿਅਮ ਬਣਾਇਆ । ਗੁਰੂ ਨਾਨਕ ਨੇ ਭਾਈ ਮਰਦਾਨਾ ਦੀ ਰਬਾਬ ਦੀ ਸੰਗਤ ਵਿਚ ਬਾਣੀ ਰਚੀ । ਜਨਮਸਾਖੀ ਵਿਚ ਇਹ ਸ਼ਬਦ ਬਾਰ ਬਾਰ ਆਉਂਦੇ ਹਨ, "ਮਰਦਾਨਿਆਂ ਰਬਾਬ ਛੇੜ ।" ਰਬਾਬ ਦੀਆਂ ਸੁਰਾਂ ਨੇ ਗੁਰੂ ਨਾਨਕ ਨੂੰ ਸਿਰਜਨਾਤਮਕ ਮੰਡਲਾਂ ਵਿਚ ਪਹੁੰਚਾ ਦਿੱਤਾ । ਸ਼ਬਦਾਂ ਵਿਚ ਰਾਗ ਤੇ ਤਾਲ ਵੱਲ ਵਿਸ਼ੇਸ਼ ਤੌਰ ਤੇ ਸੰਕੇਤ ਹਨ ਕਿਉਂਕਿ ਗੁਰੂ ਸਾਹਿਬਾਨ ਨੂੰ ਸੰਗੀਤ ਦੀ ਸ਼ਕਤੀ ਦਾ ਪੂਰਾ ਗਿਆਨ ਤੇ ਅਧਿਆਤਮਕ ਬੋਧ ਸੀ । ਸੰਗੀਤ-ਬੱਧ ਕੀਤੇ ਬਾਣੀ ਨੂੰ ਵਿਸ਼ੇਸ਼ ਢੰਗ ਨਾਲ ਗਾਉਣ ਦਾ ਆਦੇਸ਼ ਦਿੱਤਾ ਗਿਆ ਹੈ । ਬਾਣੀ ਦੀਆਂ ਆਤਮਾ ਨੂੰ ਝੰਜੋੜ ਸੁੱਟਣ ਵਾਲੀਆਂ ਸੁਰਾਂ ਨੇ ਇਕ ਵਿਸ਼ੇਸ਼ ਕੀਰਤਨ ਸ਼ੈਲੀ ਅਖ਼ਤਿਆਰ ਕਰ ਲਈ ਹੈ । ਸਦੀਆਂ ਦੇ ਕਾਲ ਚੱਕਰ ਵਿਚ ਰਸੀ ਹੋਈ ਇਸ ਗਾਇਨ ਸ਼ੈਲੀ ਵਿਚ ਵਿਲੱਖਣ ਲੱਜ਼ਤ ਹੈ । ਇਸ ਦੇ ਰੂਹਾਨੀ ਮਹੱਤਵ ਕਾਰਣ ਇਹ ਵਾਹਿਗੁਰੂ ਦੀ ਭਗਤੀ ਦਾ ਮੂਲ ਕੀਰਤਨ ਬਣ ਗਿਆ ਹੈ । ਕੀਰਤਨ ਨੂੰ ਨਿਰਮੋਲਕ ਹੀਰਾ ਆਖਿਆ ਗਿਆ ਹੈ : "ਕਲਜੁਗਿ ਮਹਿ ਕੀਰਤਨ ਪਰਧਾਨਾ" ਤੇ "ਤਹਾ ਬੈਕੁੰਠ ਜਹਿ ਕੀਰਤਨ ਤੇਰਾ ।" ਇਹ ਮੁਕਤੀ ਦਾ ਮਾਧਿਅਮ ਵੀ ਹੈ, "ਕਰਿ ਕੀਰਤਨ ਹੋਇ ਉਧਾਰ ।"

ਸਮੁੰਦ ਸਿੰਘ ਇਸ ਕੀਰਤਨ ਪਰੰਪਰਾ ਦਾ ਸਭ ਤੋਂ ਵੱਡਾ ਰਾਗੀ ਸੀ । ਗੁਰਬਾਣੀ ਦਾ ਇਹ ਮਹਾਨ ਰਾਗੀ ਇਕ ਰੌਸ਼ਨ ਮੀਨਾਰ ਬਣ ਗਿਆ । ਉਸ ਨੇ ਸਾਰੇ ਹਿੰਦੁਸਤਾਨ ਵਿਚ ਕੀਰਤਨ ਕੀਤਾ । ਬਾਣੀ ਦੀ ਅੰਤਰੀਵ ਰੂਹ ਨੂੰ ਪ੍ਰਗਟਾਇਆ - ਤੇ ਇਸ ਦੇ ਤੱਤਾਂ ਤੇ ਇਸ ਦੀਆਂ ਬਖਸ਼ਿਸ਼ਾਂ ਦਾ ਸੰਚਾਰ ਕੀਤਾ ।

ਉਸ ਨੇ ਔਖੀਆਂ ਤਾਲਾਂ, ਗੁੰਝਲਦਾਰ ਬਹਿਰਾਂ ਤੇ ਬੰਦਿਸ਼ਾਂ ਵਰਤ ਕੇ ਸੰਗੀਤ ਨੂੰ ਉੱਚ-ਕੋਟੀ ਦੀ ਕਲਾ ਹੀ ਨਹੀਂ

ਬਣਾਇਆ ਸਗੋਂ ਕੀਰਤਨ ਵਿਚ ਇਸ ਨੂੰ ਰੂਹਾਨੀ ਸ਼ਕਤੀ ਦੇ ਤੌਰ 'ਤੇ ਵਰਤਿਆ । ਤਾਨ ਪਲਟਿਆਂ ਦੀ ਰੌਅ ਵਿਚ ਉਸ ਦੇ ਸੁਰ ਗੁਆਚ ਨਹੀਂ ਜਾਂਦੇ ਸਗੋਂ ਮੋਤੀਆਂ ਦੀ ਲੜੀ ਵਾਂਗ ਚਮਕਦੇ ਸਨ । ਸ਼ਬਦਾਂ ਦੀ ਵੰਡ ਇਹਨਾਂ ਨੂੰ ਦੁਗਣ ਤੇ ਚੌਗਣ ਤਾਲ ਵਿਚ ਗਾਉਣ ਤੇ ਅੰਤ ਵਿਚ ਤਿਹਾਈ ਵਰਤ ਕੇ ਸਮ ਉਤੇ ਸ਼ਬਦ ਨੂੰ ਮੁਕਾਉਣ ਦੀ ਖ਼ੂਬਸੂਰਤੀ ਉਸ ਦੀ ਕਲਾ ਦਾ ਵਿਸ਼ੇਸ਼ ਗੁਣ ਸੀ ।

ਠੁਮਰੀ ਤੇ ਖ਼ਯਾਲ ਦਾ ਮਾਹਿਰ ਭਾਈ ਸਮੁੰਦ ਸਿੰਘ ਧਰੁਪਦ ਤੇ ਧਮਾਰ ਵਿਚ ਵੀ ਉਤਨਾ ਹੀ ਪ੍ਰਬੀਨ ਸੀ । ਉਹ ਪੂਰੇ ਸੰਜਮ, ਸ੍ਵੈ-ਵਿਸ਼ਵਾਸ ਤੇ ਅੰਤਰੀਵ ਸ਼ਕਤੀ ਨਾਲ ਗਾਉਂਦਾ । ਉਸ ਦੀ ਗਾਇਕੀ ਤੇ ਉਸ ਦੀ ਆਵਾਜ਼ ਵਿਚ ਇਕਸਾਰਤਾ ਤੇ ਸੁਨਹਿਰੀ ਜਲੌਅ ਸੀ ।

ਆਪਣੀ ਗਾਇਕੀ ਦੀ ਸੰਗਤ ਲਈ ਉਸ ਨੂੰ ਸਾਰੰਗੀ ਜਾਂ ਤਾਊਸ ਵਰਗੇ ਸਾਜ਼ ਪਸੰਦ ਸਨ । ਇਹਨਾਂ ਵਿਚ ਮੀਂਢ ਦੇ ਖਿਚਵੇਂ ਸੁਰ ਹੁੰਦੇ ਹਨ ਅਤੇ ਅਰਧ ਤੇ ਚੌਥਾਈ ਸੁਰ ਕੱਢਣ ਦੀ ਸ਼ਕਤੀ ਹੁੰਦੀ ਹੈ । ਭਾਈ ਸਮੁੰਦ ਸਿੰਘ ਮੀਂਡ ਦੇ ਸੂਖਮ ਸੁਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਿਰਜਦਾ ਸੀ । ਭਾਵੇਂ ਉਹ ਹਾਰਮੋਨੀਅਮ ਨਾਲ ਗਾਉਂਦਾ ਸੀ ਪਰ ਉਸ ਦਾ ਵਿਸ਼ਵਾਸਸੀ ਕਿ ਤੰਤ੍ਰੀ ਸਾਜ਼ ਕੀਰਤਨ ਵਿਚ ਰਸ ਭਰਦਾ ਹੈ ਅਤੇ ਇਸ ਦਾ ਸੁਭਾਅ ਆਤਮਿਕ ਹੁੰਦਾ ਹੈ ।

ਕੀਰਤਨ ਕਰਦਿਆਂ ਸਮੁੰਦ ਸਿੰਘ ਸ਼ਾਤ ਸੁਭਾਅ ਬੈਠਦਾ ਤੇ ਉਸ ਦੇ ਚਿਹਰੇ ਉਤੇ ਦੈਵੀ ਨੂਰ ਹੁੰਦਾ । ਉਹ ਦੂਹਰੇ ਤੀਹਰੇ ਤਾਨ ਪਲਟੇ ਮਾਰਦਾ ਤੇ ਸੰਗੀਤਕ ਟੁਕੜਿਆਂ ਨੂੰ ਅਸਚਰਜ ਭਰੀਆਂ ਤਾਲਾਂ ਵਿਚ ਜੜ ਕੇ ਤਾਰ ਸਪਤਕ ਤੀਕ ਪੁੱਜ ਜਾਂਦਾ । ਉਹ ਗਾਉਂਦਾ ਹੋਇਆ ਚਿਹਰਾ ਨਹੀਂ ਸੀ ਵਿਗਾੜਦਾ। ਬਹੁਤ ਸਾਰੇ ਰਾਗੀ ਲੈਅ ਤੇ ਤਾਲ ਨੂੰ ਪਲਟਾਉਂਦਿਆਂ ਆਪਣੇ ਚਿਹਰੇ ਨੂੰ ਟੇਢਾ ਕਰ ਲੈਂਦੇ ਹਨ । ਸਮੁੰਦ ਸਿੰਘ ਦਾ ਚਿਹਰਾ ਸ਼ਾਂਤ ਰਹਿੰਦਾ । ਸਾਰੇ ਗਾਇਕ ਉਸ ਨੂੰ 'ਰਾਗੀਆਂ ਦਾ ਰਾਗੀ' ਆਖਦੇ ਸਨ ।

ਮੈਂ 1964 ਵਿਚ ਸਿਆਟਲ ਦੀ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਵਿਚ ਭਾਰਤੀ ਨਾਟਕ ਪੜ੍ਹਾ ਰਿਹਾ ਸਾਂ । ਕਲਾਸਕੀ ਸੰਸਕ੍ਰਿਤ ਨਾਟਕ 'ਮ੍ਰਿਛਕਟਿਕਾ' ਡਾਇਰੈਕਟ ਕਰਦਿਆਂ ਮੰਗਲਾਚਰਣ ਗਾਉਣ ਲਈ ਮੈਨੂੰ ਕਿਸੇ ਕਲਾਸਕੀ ਗਾਇਕ ਦੀ ਲੋੜ ਸੀ । ਇਕ ਸਿੱਖ ਵਿਦਿਆਰਥੀ ਦੀ ਦੱਸ ਪਈ । ਕਾਲੀ ਲੰਮੀ ਦਾੜ੍ਹੀ ਤੇ ਸਿਰ ਉਤੇ ਪੋਚਵੀਂ ਪਗੜੀ । ਉਸ ਦਾ ਨਾਂ ਹਰਿਭਜਨ ਸਿੰਘ ਸੀ । ਮਾਲਕੌਸ ਰਾਗ ਵਿਚ ਉਸ ਨੇ ਮੰਗਲਾਚਰਣ ਗਾਇਆ ਤੇ ਨਾਟਕ ਸਫਲ ਰਿਹਾ ।

ਹਰਿਭਜਨ ਤੇ ਮੈਂ ਦੋਸਤ ਬਣ ਗਏ । ਮੈਂ ਅਕਸਰ ਉਸ ਦੇ ਅਪਾਰਟਮੈਂਟ ਵਿਚ ਜਾਂਦਾ । ਉਜੜੇ ਜਿਹੇ ਬਾਗ ਵਿਚ ਉਸ ਦਾ ਛੋਟਾ ਜਿਹਾ ਅਪਾਰਟਮੈਂ ਸੀ । ਕਈ ਵਾਰ ਉਹ ਮਾਂਹ ਦੀ ਦਾਲ ਨੂੰ ਲਾਲ ਮਿਰਚਾਂ ਦਾ ਤੜਕਾ ਲਾਉਂਦਾ ਤੇ ਅਸੀਂ ਦੋਵੇਂ ਰੋਟੀ ਖਾਂਦੇ ।

ਇਕ ਦਿਨ ਮੈਂ ਉਸ ਨੂੰ ਮਿਲਣ ਗਿਆ ਤਾਂ ਕਮਰੇ ਵਿਚ ਬਾਣੀ ਗੂੰਜ ਰਹੀ ਸੀ । ਹਰਿਭਜਨ ਨੇ ਟੇਪ ਲਾ ਰਖਿਆ ਸੀ । ਮੈਂ ਪੁੱਛਿਆ, "ਕੌਣ ਗਾ ਰਿਹਾ ਹੈ ?" ਉਸ ਨੇ ਉੱਤਰ ਦਿੱਤਾ, "ਮੇਰੇ ਪਿਤਾ ਜੀ ਘਰ ਵਿਚ ਗਾ ਰਹੇ ਸਨ ਤਾਂ ਮੈਂ ਟੇਪ ਕਰ ਲਿਆ ।" ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਸ ਦੇ ਪਿਤਾ ਦਾ ਨਾਂ ਸਮੁੰਦ ਸਿੰਘ ਰਾਗੀ ਸੀ । ਲਾਹੌਰ ਵਿਚ ਭਾਈ ਸਮੁੰਦ ਸਿੰਘ ਨੂੰ ਸੁਣਨ ਦਾ ਤਜਰਬਾ ਇਕ ਦਮ ਮੇਰੀਆਂ ਅੱਖਾਂ ਸਾਹਮਣੇ ਆ ਗਿਆ । ਮੈਂ ਹਰਿਭਜਨ ਨੂੰ ਆਖਿਆ ਕਿ ਇਹ ਸ਼ਬਦ ਮੈਨੂੰ ਵੀ ਟੇਪ ਕਰ ਦੇਵੇ । ਬੜੀ ਖ਼ੁਸ਼ੀ ਨਾਲ ਉਸ ਨੇ ਮੇਰੀ ਫਰਮਾਇਸ਼ ਮੰਨ ਲਈ । ਮੈਂ ਕਿਸੇ ਧਰਮ ਵਿਚ ਯਕੀਨ ਨਹੀਂ ਰਖਦਾ । ਨਾ ਹੀ ਰੱਬ ਵਿਚ ਮੇਰਾ ਕੋਈ ਵਿਸ਼ਵਾਸ ਹੈ । ਇਸ ਸੰਗੀਤ ਵੱਲ ਮੇਰਾ ਪ੍ਰਤਿਕਰਮ ਨਿਰੋਲ ਇਕ ਸੁਹਜਵਾਦੀ ਦਾ ਸੀ । ਪਰ ਇਸ ਨੇ ਮੇਰੇ ਅੰਦਰ ਡੂੰਘੀਆਂ ਭਾਵਾਤਮਕ ਤੇ ਰੂਹਾਨੀ ਝਰਨਾਹਟਾਂ ਛੇੜ ਦਿੱਤੀਆਂ ।

ਰੀਹਰਸਲਾਂ ਤੋਂ ਪਿੱਛੋਂ ਮੈਂ ਰਾਤ ਨੂੰ ਲੇਟ ਆਪਣੇ ਅਪਾਰਟਮੈਂਟ ਵਿੱਚ ਆਉਂਦਾ । ਸੰਘਣੇ ਦਰਖਤਾਂ ਨਾਲ ਲੱਦੀ ਇਕ ਝਿਕੀ ਪਹਾੜੀ ਉਤੇ ਮੇਰਾ ਘਰ ਸੀ । ਰਾਤ ਨੂੰ ਹਵਾ ਦਰਖਤਾਂ ਵਿਚੋਂ ਦੀ ਸ਼ੂਕਦੀ । ਹਨੇਰੇ ਵਿਚ ਝੀਲ ਦਾ ਪਾਣੀ ਚਮਕਦਾ । ਅਚਾਨਕ ਮੈਨੂੰ ਇਕੱਲੇ ਹੋਣ ਦਾ ਅਹਿਸਾਸ ਹੁੰਦਾ ਤੇ ਮੈਂ ਡਰ ਜਾਂਦਾ । ਇਸ ਡਰ ਉਤੇ ਕਾਬੂ ਪਾਉਣ ਲਈ ਮੈਂ ਗੋਰਨ ਦੇ 'ਬ੍ਰਿਜ ਨੋਟਸ' ਪੜ੍ਹਦਾ ਜਾਂ ਅਖ਼ਬਾਰ ਵਿਚ ਕਤਲ ਤੇ ਚੋਰਾਂ ਦੀਆਂ ਖ਼ਬਰਾਂ । ਮੈਨੂੰ ਦੇਰ ਤੀਕ ਨੀਂਦ ਨਾ ਆਉਂਦੀ । ਇਕ ਰਾਤ ਤਾਂ ਬਿਲਕੁਲ ਹੀ ਨਾ ਸੌਂ ਸਕਿਆ । ਅਜੀਬ ਡਰ ਲੱਗ ਰਿਹਾ ਸੀ । ਮੈਂ ਭਾਈ ਸਮੁੰਦ ਸਿੰਘ ਦੀ ਟੇਪ ਲਾ ਲਈ ਤੇ ਬਾਣੀ ਸੁਣਨ ਲੱਗਾ । ਸੰਗੀਤ ਨੇ ਮੈਨੂੰ ਸ਼ਾਂਤ ਕਰ ਦਿੱਤਾ । ਇਸ ਤਲਿਸੱਮੀ ਰਾਗੀ ਦੀ ਗਾਈ ਬਾਣੀ ਸੁਣਦਾ ਸੁਣਦਾ ਮੈਂ ਸੌਂ ਗਿਆ ।

ਫਿਰ ਮੇਰੀ ਇਹ ਆਦਤ ਬਣ ਗਈ ਕਿ ਹਰ ਰਾਤ ਮੈਂ ਇਹ ਟੇਪ ਸੁਣਦਾ । ਉਸ ਦੇ ਸੁਰ ਮੇਰੇ ਜ਼ਿਹਨ ਵਿਚ ਵੱਸ ਗਏ । ਪਰ ਅਵਚੇਤਨ ਵਿਚ ਭਾਈ ਸਮੁੰਦ ਸਿੰਘ ਰਾਗੀ ਸੀ । ਬਾਣੀ ਦੀ ਸੰਗੀਤਕ ਸੂਝ ਮੇਰੀ ਚੇਤਨਾ ਦਾ ਹਿੱਸਾ ਬਣ ਗਈ ।

ਭਾਈ ਸਮੁੰਦ ਸਿੰਘ ਚੀਫ਼ ਖ਼ਾਲਸਾ ਦੀਵਾਨ ਦੀਆਂ ਸਾਲਾਨਾ ਕਾਨਫਰੰਸਾਂ, ਧਾਰਮਿਕ ਸਮਾਗਮਾਂ ਤੇ ਦਰਬਾਰਾਂ ਦਾ ਅਨਮੋਲ ਰਤਨ ਸੀ । ਉਸ ਨੂੰ ਕਈ ਕੀਰਤਨ ਦਰਬਾਰਾਂ, ਸੰਸਥਾਵਾਂ ਤੇ ਤਖ਼ਤਾਂ ਵਲੋਂ ਸਰੋਪੇ ਤੇ ਸਨਮਾਨ ਮਿਲੇ । ਪੰਜਾਬ ਸਰਕਾਰ ਨੇ ਉਸ ਨੂੰ ਪਹਿਲਾ ਭਾਈ ਮਰਦਾਨਾ ਪੁਰਸਕਾਰ ਦਿੱਤਾ । ਉਸ ਸਮੁੱਚੇ ਰਾਗੀਆਂ ਨੂੰ ਇਕੱਠਾ ਕਰਨ ਲਈ ਲੁਧਿਆਣੇ ਵਿੱਚ "ਗੁਰਮਤ ਰਾਗੀ ਸਭਾ" ਸਥਾਪਿਤ ਕੀਤੀ ਅਤੇ ਲਗਾਤਾਰ 16 ਸਾਲ ਇਸ ਦਾ ਪ੍ਰਧਾਨ ਰਿਹਾ ।

ਉਹ ਬਾਣੀ ਦੀ ਚੋਣ ਸਮੇਂ ਤੇ ਸਥਾਨ ਅਨੁਸਾਰ ਕਰਦਾ ਸੀ । ਇਹ ਚੋਣ ਹਮੇਸ਼ਾ ਹੀ ਢੁਕਵੀਂ ਹੁੰਦੀ । ਉਸ ਦੇ ਮਨ-ਭਾਉਂਦੇ ਰਾਗ ਸਨ : ਸੋਰਠ, ਮੁਲਤਾਨੀ, ਕਾਫ਼ੀ, ਭੈਰਵੀ, ਮਾਂਡ, ਦਰਬਾਰੀ ਤੇ ਆਸਾਵਰੀ । ਉਸ ਦਾ ਸ਼ਾਹਕਾਰ "ਭਿੰਨੀ ਰੈਨੜੀਐ ਚਾਮਕਨਿ ਤਾਰੇ" ਸੋਰਠ ਰਾਗ ਵਿਚ ਹੈ । ਹੋਰ ਮਨ-ਪਸੰਦ ਸ਼ਬਦ ਜੋ ਉਸ ਦੇ ਨਾਂ ਨਾਲ ਜੋੜੇ ਜਾਂਦੇ ਹਨ, ਰਾਗ ਬਿਹਾਗ ਵਿਚ "ਮਨ ਬੈਰਾਗ ਭਇਆ ਦਰਸਨ ਦੇਖਨ ਕਾ ਚਾਉ", ਰਾਗ ਕਲਿਆਣ ਵਿਚ 'ਮੋਹਿ ਕਬ ਗਲਿ ਲਾਵਹਿਗੇ', ਸੋਰਠਿ ਰਾਗ ਵਿਚ ਹੀ "ਪ੍ਰਭ ਜੀ ਖਸਮਾਨਾ ਕਰ ਪਿਆਰੇ", "ਜੋ ਨਰ ਦੁਖ ਮਹਿ ਦੁਖ ਨਾਹੀ ਮਾਨੈ" ਚੌਦਾਂ ਮਾਤਰਾਂ ਵਿਚ ਹਮੀਰ ਕਲਿਆਨ ਵਿਚ ਹੈ। "ਧਨ ਸੁ ਦੇਸ ਜਹਾਂ ਤੂੰ ਵਸਿਆ, ਮੇਰੇ ਸਜਣ ਮੀਤ ਮੁਰਾਰੇ ਜੀਉ" ਸਿੰਧੀ ਭੈਰਵੀ ਰਾਗ ਵਿਚ ਹੈ । "ਕਿਉਂ ਜੀਵਨ ਪ੍ਰੀਤਮ ਬਿਨੁ ਮਾਈ" ਏਮਨ-ਕਲਿਆਨ ਰਾਗ ਵਿਚ ਹੈ ।

ਪ੍ਰਭਾਤ ਵੇਲੇ ਦੇ ਰਾਗਾਂ ਵਿਚੋਂ ਉਸ ਨੂੰ ਰਾਮਕਲੀ, ਅਹੀਰ ਭੈਰਉ ਤੇ ਆਸਾਵਰੀ ਪਸੰਦ ਸਨ । ਇਹਨਾਂ ਰਾਗਾਂ ਵਿਚ ਉਸ ਦੀ ਸ਼ਬਦ ਗਾਇਕੀ ਬਹੁਤ ਮਨੋਹਰ ਤੇ ਮਧੁਰ ਸੀ । ਉਹ ਵਿਸ਼ੇਸ਼ ਤੌਰ 'ਤੇ ਦੋ ਪ੍ਰਕਾਰ ਦੇ ਸ਼ਬਦ ਗਾਉਣੇ ਪਸੰਦ ਕਰਦਾ ਸੀ : "ਪ੍ਰਭੂ ਤੋਂ ਵਿਛੋੜਾ ਤੇ ਪ੍ਰਭੂ ਅੱਗੇ ਬੇਨਤੀ ।" ਉਸ ਨੇ "ਨਾਨਕ ਨਾਮ ਜਹਾਜ਼ ਹੈ" ਫਿਲਮ ਵਿਚ ਰਾਗ ਬਹਾਰ ਵਿਚ ਮਸ਼ਹੂਰ ਸ਼ਬਦ "ਕਲਿ ਤਾਰਣ ਗੁਰੂ ਨਾਨਕ ਆਇਆ" ਗਾਇਆ, ਜੋ ਲੱਖਾਂ ਲੋਕਾਂ ਲਈ ਰੂਹਾਨੀ ਪੈਗਾਮ ਬਣ ਗਿਆ । ਜਲੰਧਰ ਰੇਡੀਓ ਤੋਂ ਉਸ ਦਾ ਆਖਰੀ ਸ਼ਬਦ ਸੀ : "ਮੇਲਿ ਲੇਹੁ ਦਇਆਲ ਢਹਿ ਪਏ ਦੁਆਰਿਆ ॥ ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ।"

ਉਹ ਅੰਮ੍ਰਿਤ ਵੇਲੇ ਉਠਦਾ, ਅਸ਼ਨਾਨ ਕਰਦਾ ਤੇ ਬਾਣੀ ਦਾ ਪਾਠ ਕਰਦਾ । ਸੁਖਮਨੀ ਸਾਹਿਬ ਨਾਲ ਉਸ ਦਾ ਨੇਹੁ ਸੀ ਤੇ ਦਿਨ ਵਿਚ ਦੋ ਵਾਰ ਇਸ ਦਾ ਪਾਠ ਕਰਦਾ । ਜਦੋਂ ਕਿਸੇ ਨੇ ਪੁੱਛਿਆ ਕਿ ਦੋ ਵਾਰ ਕਿਉਂ, ਤਾਂ ਉਸ ਨੇ ਜੁਆਬ ਦਿੱਤਾ, "ਇਕ ਪਾਠ ਮਾਤਲੋਕ ਲਈ ਇਕ ਪਰਲੋਕ ਲਈ ।"

ਸਾਰਾ ਜੀਵਨ ਉਸ ਨੇ ਗੁਰਬਾਣੀ ਗਾਇਨ ਵਿਚ ਬਤੀਤ ਕਰ ਦਿੱਤਾ । ਉਹ ਆਖਦਾ, "ਕੀਰਤਨ ਹੀ ਮੇਰਾ ਜੀਵਨ ਹੈ । ਮੇਰਾ ਮਨੋਰਥ...।"

ਹਸਪਤਾਲ ਵਿਚ ਬਿਮਾਰ ਪਿਆ ਉਸ ਦੀ ਅੰਤਿਮ ਇੱਛਾ ਸੀ ਕਿ ਉਹ ਆਪਣੇ ਰਾਗੀ ਜਥੇ ਦੇ ਸੰਗਤਕਾਰ ਭਾਈ ਤੇਜਾ ਸਿੰਘ ਕੋਲੋਂ ਸ਼ਬਦ ਸੁਣੇ । ਆਖਰੀ ਘੜੀ ਸਮੁੰਦ ਸਿੰਘ ਨੇ ਪੋਲੇ-ਪੋਲੇ ਮੂੰਹ ਵਿਚ ਹੀ ਇਹ ਸ਼ਬਦ ਦੁਹਰਾਏ : ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥ ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ ॥

ਇਸ ਤੋਂ ਮਗਰੋਂ ਉਹ ਕੁਝ ਹੋਰ ਨਾ ਬੋਲ ਸਕਿਆ ਤੇ ਬੇਹੋਸ਼ੀ ਵਿਚ ਉਤਰ ਗਿਆ । 5 ਜਨਵਰੀ, 1972 ਨੂੰ ਤਰਕਾਲਾਂ ਵੇਲੇ ਬ੍ਰਾਊਨ ਹਸਪਤਾਲ, ਲੁਧਿਆਣਾ ਵਿਚ ਉਸ ਦੇ ਸੁਆਸ ਪੂਰੇ ਹੋ ਗਏ । ਉਸ ਦਾ ਪੁੱਤਰ ਹਰਿਭਜਨ ਸਿੰਘ ਤੇ ਕੁਝ ਰਿਸ਼ਤੇਦਾਰ ਉਸ ਦੇ ਕੋਲ ਹਨ ।

ਲੇਖਕਾਂ, ਵਿਦਵਾਨਾਂ ਤੇ ਕਲਾਕਾਰਾਂ ਨੇ ਭਾਈ ਸਮੁੰਦ ਸਿੰਘ ਦੀ ਵਿਲੱਖਣ ਪ੍ਰਤਿਭਾ ਤੇ ਗੁਰਬਾਣੀ ਗਾਇਕੀ ਦੀ ਭੇਟ ਪਰੰਪਰਾ ਤੋਰਨ ਲਈ ਉਸ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ । ਇਹਨਾਂ ਵਿਚ ਗੁਰਬਖਸ਼ ਸਿੰਘ, ਸੰਤ ਸੁਜਾਨ ਸਿੰਘ ਤੇ ਦਲੀਪ ਚੰਦਰ ਬੇਦੀ ਸ਼ਾਮਲ ਸਨ । ਉਸ ਨੂੰ "ਸੁਰ ਦਾ ਬਾਦਸ਼ਾਹ" ਆਖਿਆ ਗਿਆ । ਕਈਆਂ ਨੇ ਉਸ ਨੂੰ "ਬਹਿਰ-ਇ-ਮੌਸੀਕੀ" (ਸੰਗੀਤ ਸਾਗਰ) ਦਾ ਨਾਂ ਦਿੱਤਾ ।

ਗੁਰਬਾਣੀ ਗਾਇਕੀ ਦੇ ਪਰੰਪਰਾ ਵਿਚ ਇਸ ਮਹਾਨ ਰਾਗੀ ਦਾ ਨਾਂ ਹਮੇਸ਼ਾ ਜ਼ਿੰਦਾ ਰਹੇਗਾ ।

---

* ਪਰਮਜੋਤ ਸਿੰਘ ਅਨੁਸਾਰ ਭਾਈ ਸਮੁੰਦ ਸਿੰਘ ਦੀ ਮੌਤ 3 ਦਸੰਬਰ, 1971 ਨੂੰ ਹੋਈ ਪਰ ਰਾਗੀ ਜੀ ਦੇ ਸਪੁੱਤਰ ਹਰਿਭਜਨ ਸਿੰਘ ਨੇ ਗਾਰਗੀ ਨੂੰ ਚਿੱਠੀ ਵਿਚ ਇਹ ਤਾਰੀਖ਼ 5 ਜਨਵਰੀ, 1972 ਦੱਸੀ ਹੈ ।

(ਧੰਨਵਾਦ : 'ਪੰਜਾਬ ਦੇ ਕਲਾਕਾਰ'
ਗੁ: ਨਾ: ਦੇਵ ਯੂਨੀਵਰਸਿਟੀ)

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਪ੍ਰਿੰ: ਸਾਹਿਬ ਸਿੰਘ

**ਸੂਹੀ ਲਲਿਤ ॥**
**ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ ॥**
**ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ ॥੧॥**
**ਹਥੁ ਨ ਲਾਇ ਕਸੁੰਭੜੈ, ਜਲਿ ਜਾਸੀ ਢੋਲਾ ॥੧॥ ਰਹਾਉ॥**
**ਇਕ ਆਪੀਨੈ ਪਤਲੀ, ਸਹ ਕੇਰੇ ਬੋਲਾ ॥**
**ਦੁਧਾਥਣੀ ਨ ਆਵਈ, ਫਿਰਿ ਹੋਇ ਨ ਮੇਲਾ ॥੨॥**
**ਕਹੈ ਫਰੀਦੁ ਸਹੇਲੀਹੋ, ਸਹੁ ਅਲਾਏਸੀ ॥**
**ਹੰਸੁ ਚਲਸੀ ਡੁੰਮਣਾ, ਅਹਿ ਤਨੁ ਢੇਰੀ ਥੀਸੀ ॥੩॥੨॥**
[ਪੰਨਾ ੭੯੪]

[ਨੋਟ- (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰੇਕ ਸ਼ਬਦ ਵਿਚ 'ਰਹਾਉ' ਦੀਆਂ ਇਕ ਜਾਂ ਦੋ ਤੁਕਾਂ ਆਉਂਦੀਆਂ ਹਨ। 'ਰਹਾਉ' ਦਾ ਅਰਥ ਹੈ 'ਟਿਕਾਉ', 'ਠਹਿਰਨਾ'। ਸੋ ਸਾਰੇ ਸ਼ਬਦ ਨੂੰ ਸਮਝਣ ਲਈ ਪਹਿਲਾਂ ਉਸ ਤੁਕ ਉਤੇ ਠਹਿਰਨਾ ਹੈ, ਜਿਸ ਦੇ ਨਾਲ 'ਰਹਾਉ' ਲਿਖਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਨੂੰ ਸਮਝਣ ਦਾ ਮੂਲ-ਨਿਯਮ ਇਹੀ ਹੈ ਕਿ ਪਹਿਲਾਂ 'ਰਹਾਉ' ਦੀ ਤੁਕ ਨੂੰ ਜਾਂ ਪਦ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਏ। ਮੁਖ-ਭਾਵ ਇਸ ਤੁਕ ਜਾਂ ਪਦ ਵਿਚ ਹੁੰਦਾ ਹੈ, ਬਾਕੀ ਦੇ ਪਦ ਇਸ ਮੁਖ ਭਾਵ ਦਾ ਵਿਸਥਾਰ ਹੁੰਦੇ ਹਨ।

**ਹਥ ਨ ਲਾਇ ਕਸੁੰਭੜੈ, ਜਲਿ ਜਾਸੀ ਢੋਲਾ। ੧। ਰਹਾਉ।**

'ਕਸੁੰਭਾ' ਇਕ ਫੁੱਲ ਦਾ ਨਾਮ ਹੈ, ਜਿਸ ਦਾ ਰੰਗ ਵੇਖਣ ਨੂੰ ਤਾਂ ਬੜਾ ਚੁਹਚੁਹਾ ਹੁੰਦਾ ਹੈ, ਪਰ ਛੇਤੀ ਹੀ ਖ਼ਰਾਬ ਹੋ ਜਾਂਦਾ ਹੈ ਇਸ ਦੇ ਮੁਕਾਬਲੇ ਤੇ 'ਮਜੀਠ' ਹੈ; ਇਸ ਦਾ ਰੰਗ ਪੱਕਾ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਦੋਵੇਂ ਪਦਾਰਥ ਟਾਕਰੇ ਤੇ 'ਮਾਇਆ' ਅਤੇ 'ਨਾਮ' ਲਈ ਵਰਤੇ ਗਏ ਹਨ, ਕਿਉਂਕਿ ਮਾਇਆ ਦਾ ਸਾਥ ਚਾਰ ਦਿਨ ਦਾ ਹੈ, ਤੇ, ਨਾਮ-ਧਨ ਸਦਾ ਨਾਲ ਨਿਭਣ ਵਾਲਾ ਹੈ। 'ਕਸੁੰਭੜੈ' ਫੁੱਲ ਦੇ ਨਾਲ 'ਜਲਿ' ਜਾਣ ਦਾ ਸ਼ਬਦ ਵਰਤਣਾ ਭੀ ਪੰਜਾਬੀ ਮੁਹਾਵਰੇ ਦੇ ਅਨੁਸਾਰ ਹੀ ਹੈ। ਅਸੀਂ ਆਮ ਤੌਰ ਤੇ ਆਖਦੇ ਹਾਂ, 'ਫੁੱਲ ਸੜ ਗਿਆ'। ਲਫਜ 'ਜਲਿ' ਦਾ ਸੰਬੰਧ ਲਫਜ 'ਕਸੁੰਭੜੈ' ਨਾਲ ਹੈ। ਇਸ ਨੂੰ ਹੋਰ ਵਧੀਕ ਸਪਸ਼ਟ ਕਰਨ ਲਈ ਇਸੇ ਰਾਗ ਦੇ ਮੁੱਢ ਤੇ ਗੁਰੂ ਨਾਨਕ ਸਾਹਿਬ ਦਾ ਇਕ ਸ਼ਬਦ ਕਾਫੀ ਹੈ। ਇਹਨਾਂ ਦੋਹਾਂ ਸ਼ਬਦਾਂ ਨੂੰ ਆਮ੍ਹੋ ਸਾਹਮਣੇ ਰੱਖ ਕੇ ਇਕ ਇਕ ਪਦ ਦਾ ਟਾਕਰਾ ਕਰ ਕੇ ਪੜ੍ਹੀਏ ਤਾਂ ਇਉਂ ਪਰਤੀਤ ਹੁੰਦਾ ਹੈ ਕਿ ਸ਼ੇਖ਼ ਫਰੀਦ ਜੀ ਦੇ ਭਾਵ ਨੂੰ ਸਪਸ਼ਟ ਕਰਨ ਲਈ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਉਚਾਰਿਆ ਹੈ। ਸ਼ਬਦ ਇਉਂ ਹੈ :-

ਸੂਹੀ ਮਹਲਾ ੧॥
"ਜਪ ਤਪ ਕਾ ਬੰਧੁ ਬੇੜੁਲਾ, ਜਿਤੁ ਲੰਘਹਿ ਵਹੇਲਾ ॥
**ਨਾ ਸਰਵਰੁ ਨਾ ਊਛਲੈ, ਐਸਾ ਪੰਥੁ ਸੁਹੇਲਾ ॥ ੧ ॥**
**ਤੇਰਾ ਏਕੋ ਨਾਮ ਮੰਜੀਠੜਾ, ਰਤਾ ਮੇਰਾ ਚੋਲਾ, ਸਦ ਰੰਗ ਢੋਲਾ ॥ ੧ ॥ ਰਹਾਉ ॥ ਸਾਜਨ ਚਲੇ ਪਿਆਰਿਆ, ਕਿਉਂ ਮੇਲਾ ਹੋਈ ॥ ਜੇ ਗੁਣ ਹੋਵਹਿ ਗੰਠੜੀਐ, ਮੇਲੇਗਾ ਸੋਈ ॥ ੨ ॥**
**ਮਿਲਿਆ ਹੋਇ ਨ ਵੀਛੁੜੈ, ਜੇ ਮਿਲਿਆ ਹੋਈ ॥**
**ਆਵਾਗਉਣੁ ਨਿਵਾਰਿਆ, ਹੈ ਸਾਚਾ ਸੋਈ ॥ ੩ ॥**
**ਹਉਮੈ ਮਾਹਿ ਨਿਵਾਰਿਆ, ਸੀਤਾ ਹੈ ਚੋਲਾ ॥**
**ਗੁਰ ਬਚਨੀ ਫਲੁ ਪਾਇਆ, ਸਹ ਕੇ ਅੰਮ੍ਰਿਤ ਬੋਲਾ ॥ ੪ ॥**
**ਨਾਨਕੁ ਕਹੈ ਸਹੇਲੀਹੋ, ਸਹੁ ਖਰਾ ਪਿਆਰਾ ॥**
**ਹਮ ਸਹ ਕੇਰੀਆ ਦਾਸੀਆ, ਸਾਚਾ ਖਸਮੁ ਹਮਾਰਾ ॥੫॥੨॥ ੪॥**

ਇਸ ਸ਼ਬਦ ਦਾ ਇਕ ਇਕ ਪਦ ਫਰੀਦ ਜੀ ਦੇ ਸ਼ਬਦ ਦੇ ਇਕ ਇਕ ਪਦ ਦੇ ਭਾਵ ਨੂੰ ਖੋਲ੍ਹ ਰਿਹਾ ਹੈ। ਇਹੀ ਹਾਲ "ਰਹਾਉ" ਦੀ ਤੁਕ ਦਾ ਹੈ। "ਕਸੁੰਭੇ" ਦੇ ਟਾਕਰੇ ਤੇ 'ਮਜੀਠ' ਸ਼ਬਦ ਵਰਤਿਆ ਹੈ। ਤਾਂ ਤੇ "ਕਸੁੰਭੜੈ" ਦਾ ਅਰਥ ਕਸੁੰਭਾ ਫੁੱਲ ਹੀ ਹੈ, ਜੋ 'ਮਾਇਆ' ਵਾਸਤੇ ਵਰਤਿਆ ਹੈ।

**ਅਰਥ** : ਹੇ ਮਿੱਤਰ ! ਕਸੁੰਭੇ-ਰੂਪ ਮਾਇਆ ਨੂੰ ਹੱਥ ਨਾ ਲਾ, ਇਹ ਕਸੁੰਭਾ ਸੜ ਜਾਇਗਾ, ਭਾਵ, ਇਹ ਮਾਇਆ ਦਾ ਸਾਥ ਛੇਤੀ ਨਸ਼ਟ ਹੋ ਵਾਲਾ ਹੈ। ਰਹਾਉ।

**ਮੂਲ :- ਬੇੜਾ ਬੰਧਿ ਨਾ ਸਕਿਓ, ਬੰਧਨ ਕੀ ਵੇਲਾ ॥**

(ਪ੍ਰ:) ਕੈਸਾ ਬੇੜਾ ?

(ਉ:) ਜਪ ਤਪ ਕਾ ਬੰਧੁ ਬੇੜੁਲਾ ।

**ਮੂਲ :- ਇਕ ਆਪੀਨ੍ਹੈ, ਪਤਲੀ, ਸਹ ਕੇ ਰੇ ਬੋਲਾ ॥**

ਇਸ ਤੁਕ ਦਾ ਠੀਕ ਪਾਠ ਕਰਨ ਲਈ ਤੇ ਠੀਕ ਅਰਥ ਸਮਝਣ ਲਈ ਗੁਰੂ ਨਾਨਕ ਦੇਵ ਜੀ ਦੇ ਉਪਰ-ਦਿੱਤੇ ਸ਼ਬਦ ਦਾ ਪੜ੍ਹੋ ਪਦ ਨੰ: ੪ ।

**'ਗੁਰ ਬਚਨੀ ਫਲੁ ਪਾਇਆ, ਸਹ ਕੇ ਅੰਮ੍ਰਿਤ ਬੋਲਾ ॥**

ਜਿਨ੍ਹਾਂ ਕਸੁੰਭੇ ਨੂੰ ਹੱਥ ਲਾਇਆ ਉਹ "ਆਪੀਨ੍ਹੈ ਪਤਲੀ" ਰਹੀਆਂ ਤੇ ਉਹਨਾਂ ਨੂੰ ਪ੍ਰਾਪਤ ਕੀਹ ਹੋਇਆ ? "ਸਹ ਕੇ ਰੇ ਬੋਲਾ" । ਪਰ ਜਿਨ੍ਹਾਂ ਦਾ ਚੋਲਾ ਨਾਮ-ਮਜੀਠ ਨਾਲ ਰੰਗਿਆ ਗਿਆ , ਉਹਨਾਂ ਨੇ ਫਲ ਪਾਇਆ "ਸਹ ਕੇ ਅੰਮ੍ਰਿਤ ਬੋਲਾ" ।

ਇਹਨਾਂ ਦੋਹਾਂ ਤੁਕਾਂ ਦੇ ਸਾਰੇ ਲਫਜ਼ਾਂ ਨੂੰ ਆਪੋ ਵਿਚ ਟਕਰਾ ਕੇ ਵੇਖੋ । ਲਫਜ਼ 'ਸਹ', "ਕੇ, ਬੋਲਾ-ਇਹ ਤਿੰਨੇ ਹੀ ਦੋਹਾਂ ਵਿਚ ਸਾਂਝੇ ਹਨ । ਗੁਰੂ ਨਾਨਕ ਸਾਹਿਬ ਵਾਲੇ ਸ਼ਬਦ ਦੀ ਤੁਕ ਵਿਚ ਲਫਜ਼ 'ਅੰਮ੍ਰਿਤ' ਦੇ ਟਾਕਰੇ ਤੇ ਫਰੀਦ ਜੀ ਦਾ ਲਫਜ਼ 'ਰੇ' ਰਹਿ ਗਿਆ ।

**ਤਾਂ ਤੇ ਪਾਠ "ਸਹ ਕੇ ਰੇ ਬੋਲਾ" ਹੈ, ਭਾਵ 'ਕੇ' ਅਤੇ 'ਰੇ' ਵਖ ਵਖ ਹਨ । ਰੇ-ਅਨਾਦਰੀ ਦੇ ਬਚਨ । ਜਿਵੇਂ :-**

**"ਰੇ ਰੇ ਦਰਗਹ ਕਹੈ ਨ ਕੋਊ"**

**ਅਰਥ :-** ਕਈ ਜੀਵ-ਇਸਤ੍ਰੀਆਂ (ਜਿਨ੍ਹਾਂ ਕਸੁੰਭੇ ਨੂੰ ਹੱਥ ਲਾਇਆ ਹੈ) ਆਪਣੇ ਆਪ ਵਿਚ ਪਤਲੀਆਂ ਹਨ ਉਹਨਾਂ ਨੂੰ ਪਤੀ ਦੇ ਅਨਾਦਰੀ ਦੇ ਬਚਨ ਹੀ ਮਿਲਦੇ ਹਨ ।

ਪਤਲੀਆਂ-ਨਾਜ਼ਕ, ਅਹੰਕਾਰਣਾਂ, ਚਤਰ-ਬੁੱਧ, ਕਮਜ਼ੋਰ ਆਤਮਕ ਜੀਵਨ ਵਾਲੀਆਂ ।

**ਮੂਲ :** ਦੁਧਾਥਣੀ ਨ ਆਵਈ ਫਿਰਿ ਹੋਇ ਨਾ ਮੇਲਾ । ੨ ।

ਇਸ ਤੁਕ ਨੂੰ ਸਮਝਣ ਲਈ ਭੀ ਉਪਰ-ਦਿੱਤੇ ਸ਼ਬਦ ਦਾ ਵੇਖੋ ਪਦ ਨੰ: ੨ ਤੇ ੩ ।

(ਪ੍ਰ:) ਕਿਸ ਮਿਲਾਪ ਦਾ ਜ਼ਿਕਰ ਹੈ ?

(ਉ:) ਹਰੀ ਨਾਲ ਮਿਲਾਪ ਦਾ । ਮਨੁੱਖਾ ਜਨਮ ਦੇ ਮਿਲਣ ਵਲ ਇਸ਼ਾਰਾ ਨਹੀਂ ਹੈ । ਤਾਂ ਤੇ "ਫਿਰਿ ਹੋਇ ਨਾ ਮੇਲਾ" ਦਾ ਭਾਵ ਹੈ (ਕਸੁੰਭੇ ਨੂੰ ਹੱਥ ਲਾਇਆ) ਤਾਂ ਪਤੀ-ਪਰਮਾਤਮਾ ਨਾਲ ਮੇਲ ਨਹੀਂ ਹੋਵੇਗਾ ।

ਬਾਕੀ ਰਹਿ ਗਈ ਪਹਿਲੀ ਅੱਧੀ ਤੁਕ 'ਦੁਧਾਥਣੀ ਨਾ ਆਵਈਂ ।

(ਪ੍ਰ:) ਇਸਤ੍ਰੀ ਦੇ ਥਣਾਂ ਵਿਚ ਦੁਧ ਕਦੋਂ ਆਉਂਦਾ ਹੈ ?

(ਉ:) ਕੁਦਰਿਤ ਦੇ ਨਿਯਮ ਅਨੁਸਾਰ ਜਦੋਂ ਉਸ ਦਾ ਆਪਣੇ ਪਤੀ ਨਾਲ ਮਿਲਾਪ ਹੁੰਦਾ ਹੈ ਤੇ ਪੁੱਤਰ-ਵਤੀ ਬਣਦੀ ਹੈ, ਜਦੋਂ ਸੁਹਾਗ ਭਾਗ ਵਾਲੀ ਹੁੰਦੀ ਹੈ ।

ਉਹ ਸਾਰੀ ਤੁਕ ਦਾ ਅਰਥ ਇਉਂ ਹੈ :- ਜੇ ਕਸੁੰਭੇ ਨੂੰ ਹੱਥ ਲਾਇਆ ਤਾਂ ਇਸਤ੍ਰੀ ਸੁਹਾਗ-ਵਤੀ ਨਹੀਂ ਹੋ ਸਕੇਗੀ, ਤੇ ਪਤੀ ਨਾਲ ਮਿਲਾਪ ਨਹੀਂ ਹੋ ਸਕੇਗਾ ।

**ਅਰਥ :-** ਹੇ ਸੱਜਣ ! ਚੰਦ੍ਰੀ ਮਾਇਆ ਨਾਲ ਹੀ ਆਪਣੇ ਮਨ ਨੂੰ ਨਾਹ ਜੋੜੀ ਰੱਖ, ਇਹ ਮਾਇਆ ਚਾਰ ਦਿਨ ਦੀ ਖੇਡ ਹੈ ।੧।

(ਜਿਸ ਮਨੁੱਖ ਨੇ ਮਾਇਆ ਨਾਲ ਹੀ ਮਨ ਲਾਈ ਰੱਖਿਆ) ਉਹ (ਬੇੜਾ) ਤਿਆਰ ਕਰਨ ਵਾਲੀ ਉਮਰੇ ਨਾਮ-ਰੂਪ ਬੇੜਾ ਤਿਆਰ ਨਾਹ ਕਰ ਸਕਿਆ, ਤੇ, ਜਦੋਂ ਸਰੋਵਰ (ਨਕਾ ਨਕ) ਭਰ ਕੇ (ਬਾਹਰ) ਉਛਲਣ ਲੱਗ ਪੈਂਦਾ ਹੈ ਤਦੋਂ ਇਸ ਵਿਚ ਤਰਨਾ ਔਖਾ ਹੋ ਜਾਂਦਾ ਹੈ (ਭਾਵ; ਜਦੋਂ ਮਨੁੱਖ ਵਿਕਾਰਾਂ ਦੀ ਅੱਤ ਕਰ ਦੇਂਦਾ ਹੈ, ਤਾਂ ਇਹਨਾਂ ਦੇ ਚਸਕੇ ਵਿਚੋਂ ਨਿਕਲਣਾ ਔਖਾ ਹੋ ਜਾਂਦਾ ਹੈ) । ੧ ।

ਜੋ ਜੀਵ-ਇਸਤ੍ਰੀਆਂ (ਮਾਇਆ ਨਾਲੋਂ ਮੋਹ ਪਾਣ ਕਰਕੇ) ਆਪਣੇ ਵਿਚ ਕਮਜ਼ੋਰ ਆਤਮਕ ਜੀਵਨ ਵਾਲੀਆਂ ਹੋ ਜਾਂਦੀਆਂ ਹਨ, ਉਹਨਾਂ ਨੂੰ (ਪ੍ਰਭੂ) ਪਤੀ ਦੇ ਦਰ ਤੋਂ ਅਨਾਦਰੀ ਦੇ ਬੋਲ ਨਸੀਬ ਹੁੰਦੇ ਹਨ; ਉਹਨਾਂ ਉਤੇ ਪਤੀ-ਮਿਲਾਪ ਦੀ ਅਵਸਥਾ ਨਹੀਂ ਆਉਂਦੀ ਤੇ ਮਨੁੱਖਾ ਜਨਮ ਦਾ ਸਮਾ ਖੁੰਝਣ ਤੇ (ਜਦੋਂ ਨਾਮ-ਸਿਮਰਨ ਦਾ ਬੇੜਾ ਤਿਆਰ ਹੋ ਸਕਦਾ ਸੀ) ਪ੍ਰਭੂ ਨਾਲ ਮੇਲ ਨਹੀਂ ਹੋ ਸਕਦਾ ।੧।

ਫਰੀਦ ਆਖਦਾ ਹੈ-ਹੇ ਸਹੇਲੀਓ ! ਜਦੋਂ ਪਤੀ ਪ੍ਰਭੂ ਦਾ ਸੱਦਾ (ਇਸੇ ਜਗਤ ਵਿਚੋਂ ਤੁਰਨ ਲਈ)ਆਵੇਗਾ, ਤਾਂ (ਮਾਇਆ ਵਿਚ ਹੀ ਗ੍ਰਸੀ ਰਹਿਣ ਵਾਲੀ ਜੀਵ-ਇਸਤ੍ਰੀ ਦਾ) ਆਤਮਾ-ਹੰਸ ਜੱਕੋ ਤੱਕੇ ਕਰਦਾ ਹੋਇਆ (ਇਥੋਂ) ਤੁਰੇਗਾ (ਭਾਵ, ਮਾਇਆ ਤੋਂ ਵਿਛੁੜਨ ਨੂੰ ਚਿੱਤ ਨਹੀਂ ਕਰੇਗਾ), ਤੇ ਇਹ ਸਰੀਰ ਮਿੱਟੀ ਦੀ ਢੇਰੀ ਹੋ ਜਾਇਗਾ ।੩ ।੨ ।

# ਰਾਗ ਸੂਹੀ ਲਲਿਤ

ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ

ਇਸ ਰਾਗ ਦਾ ਉਲੇਖ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਮਿਲਦਾ ਹੈ। ਸੂਹੀ ਅਤੇ ਲਲਿਤ ਦੋ ਵੱਖ ਵੱਖ ਰਾਗ ਹਨ। ਭਾਰਤੀ ਸੰਗੀਤ ਦੇ ਗ੍ਰੰਥਕਾਰਾਂ ਨੇ ਸੂ ਹੀ ਰਾਗ ਬਾਰੇ ਕੁਝ ਨਹੀਂ ਦਸਿਆ। ਇਸ ਲਈ ਨਿਸੰਦੇਹ ਇਸ ਰਾਗ ਦਾ ਆਵਿਸ਼ਕਾਰ ਗੁਰੂ ਸਹਿਬਾਨ ਦੁਆਰਾ ਹੀ ਹੋਇਆ। ਪ੍ਰਾਚੀਨ ਰਾਗ ਰਾਗਿਨੀ ਪੱਧਤੀ ਵਿੱਚ ਇੱਕ ਸੁਹੂ ਰਾਗ ਨੂੰ ਭੈਰਵ ਦਾ ਪੁੱਤਰ ਰਾਗ ਵਜੋਂ ਮੰਨਿਆ। ਪਰ ਸੁਹੂ ਨੂੰ ਸੂਹੀ ਨਹੀਂ ਕਿਹਾ ਜਾ ਸਕਦਾ। ਇਥੇ ਇਹ ਧਿਆਨ ਯੋਗ ਗਲ ਹੈ ਕਿ ਇਸ ਰਾਗ ਨੂੰ ਇਕ ਸੁਤੰਤਰ ਰਾਗ ਮੰਨ ਕੇ ਗੁਰੂ ਸਾਹਿਬਾਨ ਨੇ ਹੀ ਇਸ ਦਾ ਪ੍ਰਚਾਰ ਕੀਤਾ ਅਤੇ ਇਸ ਵਿਚ ਕਈ ਗੁਰਬਾਣੀ ਸ਼ਬਦਾਂ ਦੀ ਰਚਨਾ ਕੀਤੀ। ਕੁਝ ਵਿਦਵਾਨ ਸੂਹੀ ਅਤੇ ਸੂਹਾ ਨੂੰ ਇੱਕ ਹੀ ਰਾਗ ਮੰਨਦੇ ਹਨ ਜੋ ਉਚਿਤ ਨਹੀਂ। ਲਲਿਤ ਇੱਕ ਪ੍ਰਚੀਨ ਰਾਗ ਹੈ ਅਤੇ ਸੰਗੀਤ ਦੇ ਪੁਰਾਤਨ ਗ੍ਰੰਥਾਂ ਜਿਵੇਂ ਰਾਗ ਤਰੰਗਣੀ ਸਦਰਾਗ-ਚੰਦਰੋਦਯ, ਰਾਗ ਮੰਜਰੀ, ਰਸ ਕੌਮਦੀ, ਰਾਗ ਵਿਬੋਧ ਆਦਿ ਵਿਚ ਇਸ ਨੂੰ ਭੈਰਵ ਜਾਂ ਪੂਰਵੀ ਥਾਟ ਦਾ ਹੀ ਜਨਯ ਰਾਗ ਮੰਨਿਆ ਹੈ। ਗੁਰਮਤਿ ਸੰਗੀਤ ਵਿਚ ਸੂਹੀ ਰਾਗ ਨੂੰ ਬਿਲਾਵਲ ਅੰਗ ਤੇ ਆਧਾਰਤ ਮੰਨ ਕੇ ਇਸ ਵਿਚ ਦੋਨੋਂ ਨਿਸ਼ਾਦ ਭਾਵ ਆਰੋਹ ਵਿਚ ਸ਼ੁਧ ਅਤੇ ਅਵਰੋਹ ਵਿਚ ਕੋਮਲ, ਦਾ ਪ੍ਰਯੋਗ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਲਿਤ ਅਤੇ ਸੂਹੀ ਲਲਿਤ ਦੇ ਟਾਕਰੇ ਸੂਹੀ ਰਾਗ ਵਿਚ ਅਧਿਕ ਬਾਣੀ ਦਰਜ ਹੈ। ਲਲਿਤ ਅਤੇ ਸੂਹੀ-ਲਲਿਤ ਇਨ੍ਹਾਂ ਦੋਨਾਂ ਰਾਗਾਂ ਨੂੰ ਗੁਰੂ ਸਾਹਿਬਾਨ ਨੇ ਨਹੀਂ ਅਪਣਾਇਆ। ਗੁਰੂਆਂ ਦੀ ਬਾਣੀ ਤੋਂ ਬਿਨਾ ਜੋ ਰਚਨਾਵਾਂ ਮਿਲਦੀਆਂ ਹਨ ਉਨ੍ਹਾਂ ਵਿਚ ਸੂਹੀ-ਲਲਿਤ ਅਤੇ ਲਲਿਤ ਰਾਗਾਂ ਦਾ ਵਰਨਣ ਮਿਲਦਾ ਹੈ। ਗੁਰੂਆਂ ਦੇ ਸਮੇਂ ਸੂਹੀ ਰਾਗ ਅਧਿਕ ਲੋਕ ਪ੍ਰਿਯ ਰਿਹਾ ਹੈ। ਲਲਿਤ ਰਾਗ ਨੂੰ ਸੁਤੰਤਰ ਰੂਪ ਵਿਚ ਨਾ ਅਪਣਾ ਕੇ ਸੂਹੀ ਦੇ ਮਿਸ਼ਰਨ ਦੁਆਰਾ ਇਕ ਨਵੇਂ ਰਾਗ ਦੀ ਸਿਰਜਨਾ ਕਰਕੇ ਪ੍ਰਾਚੀਨ ਰਾਗ ਲਲਿਤ ਨੂੰ ਸੁਰਖਿਅਤ ਰਖਣ ਦਾ ਵਿਸ਼ੇਸ਼ ਯਤਨ ਸੀ।

ਸੂਹੀ-ਲਲਿਤ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਮਤਿ ਸੰਗੀਤ ਨੂੰ ਅਤੇ ਵਿਸ਼ੇਸ਼ ਕਰਕੇ ਭਾਰਤੀ ਸੰਗੀਤ ਨੂੰ ਬਹੁਤ ਵੱਡੀ ਦੇਣ ਹੈ। ਇਸ ਵਿਚ ਦੋਨੋਂ ਰਿਸ਼ਭ, ਦੋਨੋਂ ਮਧਿਅਮ ਦੋਨੋਂ ਧੈਵਤ ਅਤੇ ਬਾਕੀ ਸ਼ੁਧ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਆਰੋਹ ਸੰਪੂਰਣ ਅਤੇ ਅਵਰੋਹ ਵਿਚ ਪ ਵਰਜਿਤ ਹੈ। ਇਸ ਦੇ ਆਰੋਹ ਵਿਚ ਬਿਲਾਵਲ ਅਤੇ ਅਵਰੋਹ ਵਿਚ ਲਲਿਤ ਰਖਿਆ ਜਾਂਦਾ ਹੈ। ਇਨ੍ਹਾਂ ਦੋਨਾਂ ਰਾਗਾਂ ਦੇ ਸੁਮੇਲ ਤੋਂ ਸੂਹੀ-ਲਲਿਤ ਇਕ ਬਹੁਤ ਹੀ ਮਨ ਮੋਹਕ ਰਚਨਾ ਪ੍ਰਤੀਤ ਹੁੰਦੀ ਹੈ। ਇਸ ਅਪ੍ਰਚਲਿਤ ਅਤੇ ਕਠਿਨ ਰਾਗ ਨੂੰ ਨਿਭਾਉਣ ਦਾ ਕੇਵਲ ਕੁਸ਼ਲ ਗਾਇਕ-ਵਾਦਕ ਹੀ ਸਾਹਸ ਕਰ ਸਕਦੇ ਹਨ। ਸੁਰ ਵਿਸਥਾਰ ਸਮੇਂ ਦੋਨਾਂ ਰਾਗਾਂ ਦਾ ਆਰੋਹ ਅਤੇ ਅਵਰੋਹ ਕ੍ਰਮ ਦੁਆਰਾ ਸਹੀ ਮਿਸ਼ਰਨ ਕਰਕੇ ਰਾਗ ਦੇ ਰੂਪ ਨੂੰ ਨਿਖਾਰਿਆ ਜਾਂਦਾ ਹੈ ਜਿਵੇਂ-ਸ ਰੇ ਗ, ਗ ਰੇ ਗ ਗ ਮੰ, ਪ, ਗ ਰੇ ਗ ਪ ਮ ਗ,ਗ ਧੁ ਮੰਧੁ ਮੰ ਮ, ਗ, ਰੇਂ ਗ ਮ, ਮ ਮ ਗ, ਰੇ ਗ ਮ, ਪ, ਗ ਪ ਨੀ ਧ ਨੀ ਸੰ, ਰੁ ਨੀ ਧੁ ਮੰ ਧੁ ਮੰ ਮ,ਪ, ਪ ਨੀ ਧ ਨੀ ਸੰ, ਸੰ ਰੇਂ ਗੰ,ਰੇਂ ਗੰ ਮੰ, ਮੇਂ ਮੰ ਗੰ, ਮੰ ਗੰ ਰੁ ਸੰ, ਰੁੇਂ ਨੀ ਧੁ ऽ ਮੰ ਧ ਮੰ ਮੰ, ਮ ਮ ਗ ਰੇ ਗ ਮੰ,ਮ ਮ ਗ, ਗ ਰੁ ਗਮੰ ਗ ਰੁ ਸ।

**ਆਰੋਹ** : ਸ, ਰੇ ਗ ਮ ਪ, ਨ ਧ ਨੀ ਸ।

**ਅਵਰੋਹ** : ਸੰ, ਰੁੇਂ ਨੀ ਧੁ ऽ ਮੰ ਧ ਮੰ ਮ, ਗ, ਮੰ ਗ ਰੁ ਸ

**ਮੁਖ ਅੰਗ** : ਪ, ਨੀ ਧ ਨੀ ਸੰ, ਰੁੇਂ ਨੀ ਧੁ, ਮੇ ਧੁ ਮੰ ਮ, ਗ, ਮੰ ਗ ਰੁ ਸ।

**ਵਾਦੀ** : ਮ ਸੰਵਾਦੀ - ਸ

**ਜਾਤੀ** : ਸੰਪੂਰਣ - ਸ਼ਾੜਵ

**ਸਮਾਂ** : ਦਿਨ ਦਾ ਦੂਜਾ ਪਹਿਰ

# ਰੂਪਕ ਤਾਲ (ਮੱਧ ਲੈਅ)

**ਸਥਾਈ**

| x | | | 2 | | 3 | |
|---|---|---|---|---|---|---|
| ਗ | ਗਰੁ | ਗਮੰ | ਗ | ਰੁੇ | ਸ | ਸ |
| ਹ | ਥੁS | ਨS | ਲਾ | S | ਇ | ਕ |
| ਰੇ | - | ਗ | ਮ | - | ਪ | - |
| ਸੁੰ | S | ਭ | ਤੈ | S | S | S |
| ਸੰ | ਸੰ | ਸੰ | (ਸੰ) | - | ਧੁ | - |
| ਜ | ਲਿ | ਜਾ | ਸੀ | S | ਢੋ | S |
| ਮੰ | - | ਮੰਧੁ | ਮੰ | ਮ | - | - |
| ਲਾ | S | SS | S | S | S | S |
| ਸੰ | ਸੰ | ਸੰ | (ਸੰ) | - | ਧੁ | - |
| ਜ | ਲ | ਜਾ | ਸੀ | S | ਢੋ | S |
| ਮੰ | - | ਧੁ | ਧੁਧੁਮੰਧ | ਮੰਮਗ- | ਗਰੁੇਗਮੰ | ਗਗਰੁੇਸ |
| ਲਾ | S | S | SSSS | SSSS | SSSS | SSSS |

**ਅੰਤਰਾ**

| | | | | | | |
|---|---|---|---|---|---|---|
| ਪ | - | ਪ | ਨੀਪ | - | ਨੀ | ਨੀ |
| ਬੇ | S | ੜਾ | ਬੰS | S | ਧਿ | ਨ |
| ਸੰ | - | ਸੰ | ਸੰਨੀਧੁਨੀ | ਸੰਰੁੇਂ-- | ਸੰ | - |
| ਸ | S | ਕਿ | ੳSSS | SSSS | S | S |
| ਗੰ | ਗੰ | ਗੰ | ਮੰ | ਗੰ | ਰੁੇਂ | ਸੰ |
| ਬੰ | ਧ | ਨ | ਕੀ | S | ਵੇ | S |
| ਸੰ | - | ਨੀਧ | ਨੀ | ਧ | ਸੰ | - |
| ਲਾ | S | SS | S | S | S | S |
| ਸੰ | ਸੰ | ਸੰਸੰ | (ਸੰ) | - | ਧੁ | ਧੁ |
| ਭ | ਰਿ | ਸਰ | ਵਰੁ | S | ਜ | ਬ |
| ਮੰ | - | ਮੇਧੁ | ਮੰ | - | ਮ | - |
| ਉ | - | ਛS | ਲੈ | S | S | S |
| ਧੁ | ਧੁ | ਮੰ | ਮੰਧੁ | ਮੰ | ਮ | -ਮ |
| ਤ | ਬ | ਤ | ਰS | ਣ | S | Sਦੁ |
| ਗ | ਰੁੇ | ਗਮੰ | ਗ | ਰੁੇ | ਸ | - |
| ਹੇ | S | SS | ਲਾ | S | S | S |

ਨੋਟ : ਬਾਕੀ ਤੁਕਾਂ ਅੰਤਰੇ ਤੇ ਲਾਓ ।

# ਸੰਗੀਤ-ਲਿਪੀ ਚਿੰਨ੍ਹ

ਪ ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ ।

ਧੁ ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ ।

ਮੰ ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ ।

ਪ਼/ਧ਼ ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ ।

ਸੰ/ਪੰ ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ ।

ਪ— ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ ।

ਸ਼ਾਂ s ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ ।

ਧਪ ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿਚ ਗਾਉਣਾ ਹੈ ।

ਮਪ ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ ।

**XO 123** X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ ।



# ਮਹੀਨਾ ਹਾੜ/ਜੂਨ

## ਬਾਰਾਮਾਹ

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥ ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥ ... 

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥ ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥ ਜੇਹਾ ਬੀਜੈ ਸੋ ਪਛੁਤਾਣੀ ਉਠਿ ਚਲੀ ਗਈ ਨਿਰਾਸ ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥ ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥ ੫ ॥

## ਗੁਰਪੁਰਬ

ਪ: ੬ ਅਵਤਾਰ ਧਾਰਿਆ ੨ ਜੂਨ

## ਦਿਨ ਦਿਹਾਰੇ ਤੇ ਛੁੱਟੀਆਂ

ਜਨਮ ਦਿਨ

ਸਾਹਿਬਜ਼ਾਦਾ ਫਤਹਿ ਸਿੰਘ ਜੀ ੧੪ ਜੂਨ

ਬਰਸੀ ਸ਼ੇਰਿ ਪੰਜਾਬ

ਮਹਾਰਾਜਾ ਰਣਜੀਤ ਸਿੰਘ ਜੀ ੧੯ ਜੂਨ

| | | | |
|---|---|---|---|
| ਸੰਮਤ ਬਿਕ੍ਰਮੀ | ੨੦੫੩ | ਪੂਰਨਮਾਸ਼ੀ | ੧ ਜੂਨ |
| ਸੰਮਤ ਨਾਨਕਸ਼ਾਹੀ | ੫੨੭ | ਸੰਗਰਾਂਦ | ੧੪ ਜੂਨ |
| ਸੰਮਤ ਖਾਲਸਾ | ੨੯੮ | ਮੱਸਿਆ | ੧੫ ਜੂਨ |
| ਸੰਮਤ ਸ਼ਾਕਾ | ੧੯੧੮ | ਪੰਚਮੀ | ੨੧ ਜੂਨ |

ਜੂਨ
JUNE 1996

| | | | | | |
|---|---|---|---|---|---|
| ਐਤ SUN | ੩੦ ੧੭ਹਾੜ ਪ.ਹਾ.(ਅ)ਸੁ.੧੪ | ੨ ੨੦ ਜੇਠ ਪ.ਹਾ.(ਸ਼ੁ) ਵ. ੧ | ੯ ੨੭ ਜੇਠ ਪ.ਹਾ.(ਸ਼ੁ) ਵ. ੯ | ੧੬ ੩ ਹਾੜ ਪ.ਹਾ.(ਸ਼ੁ) ਵ.੩੦ | ੨੩ ੧੦ ਹਾੜ ਪ.ਹਾ.(ਅ) ਸੁ.੭ |
| ਸੋਮ MUN | | ੩ ੨੧ ਜੇਠ ਪ.ਹਾ.(ਸ਼ੁ) ਵ. ੨ | ੧੦ ੨੮ ਜੇਠ ਪ.ਹਾ.(ਸ਼ੁ) ਵ.੧੦ | ੧੭ ੪ ਹਾੜ ਪ.ਹਾ.(ਅ) ਸੁ. ੧ | ੨੪ ੧੧ ਹਾੜ ਪ.ਹਾ.(ਅ) ਸੁ. ੮ |
| ਮੰਗਲ TUE | | ੪ ੨੨ ਜੇਠ ਪ.ਹਾ.(ਸ਼ੁ) ਵ. ੩ | ੧੧ ੨੯ ਜੇਠ ਪ.ਹਾ.(ਸ਼ੁ) ਵ.੧੧ | ੧੮ ੫ ਹਾੜ ਪ.ਹਾ.(ਅ) ਸੁ.੨ | ੨੫ ੧੨ ਹਾੜ ਪ.ਹਾ.(ਅ) ਸੁ. ੯ |
| ਬੁੱਧ WED | | ੫ ੨੩ ਜੇਠ ਪ.ਹਾ.(ਸ਼ੁ) ਵ. ੪ | ੧੨ ੩੦ ਜੇਠ ਪ.ਹਾ.(ਸ਼ੁ) ਵ.੧੨ | ੧੯ ੬ ਹਾੜ ਪ.ਹਾ.(ਅ) ਸੁ.੩ | ੨੬ ੧੩ ਹਾੜ ਪ.ਹਾ.(ਅ) ਸੁ.੧੦ |
| ਵੀਰ THU | | ੬ ੨੪ ਜੇਠ ਪ.ਹਾ.(ਸ਼ੁ) ਵ.੫ | ੧੩ ੩੧ ਜੇਠ ਪ.ਹਾ.(ਸ਼ੁ) ਵ.੧੩ | ੨੦ ੭ ਹਾੜ ਪ.ਹਾ.(ਅ) ਸੁ.੪ | ੨੭ ੧੪ ਹਾੜ ਪ.ਹਾ.(ਅ) ਸੁ.੧੧ |
| ਸ਼ੁੱਕਰ FRI | | ੭ ੨੫ ਜੇਠ ਪ.ਹਾ.(ਸ਼ੁ) ਵ.੬੭ | ੧੪ ੧ ਹਾੜ ਪ.ਹਾ.(ਸ਼ੁ) ਵ.੧੪ | ੨੧ ੮ ਹਾੜ ਪ.ਹਾ.(ਅ) ਸੁ.੫ | ੨੮ ੧੫ ਹਾੜ ਪ.ਹਾ.(ਅ) ਸੁ.੧੨ |
| ਸ਼ਨੀ SUN | ੧ ੧੯ ਜੇਠ ਜੇਠ ਸੁਦੀ ਪੂਰਨ. | ੮ ੨੬ ਜੇਠ ਪ.ਹਾ.(ਸ਼ੁ) ਵ.੮ | ੧੫ ੨ ਹਾੜ ਪ.ਹਾ.(ਅ) ਸੁ.੩੦ | ੨੨ ੯ ਹਾੜ ਪ.ਹਾ.(ਅ) ਸੁ.੬ | ੨੯ ੧੬ ਹਾੜ ਪ.ਹਾ.(ਅ) ਸੁ.੧੩ |

ਹਾੜ ਦਾ ਮਹੀਨਾ ਉਸ ਉਸ ਜੀਵ ਨੂੰ ਤਪਦਾ ਪ੍ਰਤੀਤ ਹੁੰਦਾ ਹੈ (ਉਹ ਬੰਦੇ ਹਾੜ ਦੇ ਮਹੀਨੇ ਵਾਂਗ ਤਪਦੇ-ਕਲਪਦੇ ਰਹਿੰਦੇ ਹਨ) ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਨਹੀਂ ਵੱਸਦਾ, ਜੇਹੜੇ ਜਗਤ ਦੇ ਸਹਾਰੇ ਪਰਮਾਤਮਾ (ਦਾ ਆਸਰਾ) ਛੱਡ ਕੇ ਬੰਦਿਆਂ ਦੀਆਂ ਆਸਾਂ ਬਣਾਈ ਰੱਖਦੇ ਹਨ ।

(ਪ੍ਰਭੂ ਤੋਂ ਬਿਨਾ) ਕਿਸੇ ਹੋਰ ਦੇ ਆਸਰੇ ਰਿਹਾਂ ਖ਼ੁਆਰ ਹੀ ਹੋਈਦਾ ਹੈ, (ਜੋ ਭੀ ਕੋਈ ਹੋਰ ਸਹਾਰਾ ਤੱਕਦਾ ਹੈ) ਉਸ ਦੇ ਗਲ ਵਿਚ ਜਮ ਦੀ ਫਾਹੀ ਪੈਂਦੀ ਹੈ (ਉਸ ਦਾ ਜੀਵਨ ਸਦਾ ਸਹਮ ਵਿਚ ਬੀਤਦਾ ਹੈ) । (ਕੁਦਰਤਿ ਦਾ ਨਿਯਮ ਹੀ ਐਸਾ ਹੈ ਕਿ) ਮਨੁੱਖ ਜੇਹਾ ਬੀਜ ਬੀਜਦਾ ਹੈ, (ਕੀਤੇ ਕਰਮਾਂ ਅਨੁਸਾਰ) ਜੇਹੜਾ ਲੇਖ ਉਸ ਦੇ ਮੱਥੇ ਉਤੇ ਲਿਖਿਆ ਜਾਂਦਾ ਹੈ, ਉਹੋ ਜਿਹਾ ਫਲ ਉਹ ਪ੍ਰਾਪਤ ਕਰਦਾ ਹੈ । (ਜਗਜੀਵਨ ਪੁਰਖ ਨੂੰ ਵਿਸਾਰਨ ਵਾਲੀ ਜੀਵ-ਇਸਤ੍ਰੀ ਦੀ) ਸਾਰੀ ਜ਼ਿੰਦਗੀ ਪਛੁਤਾਵਿਆਂ ਵਿਚ ਹੀ ਗੁਜ਼ਰਦੀ ਹੈ, ਉਹ ਜਗਤ ਤੋਂ ਟੁੱਟੇ ਹੋਏ ਦਿਲ ਨਾਲ ਹੀ ਤੁਰ ਪੈਂਦੀ ਹੈ ।

ਜਿਨ੍ਹਾਂ ਬੰਦਿਆਂ ਨੂੰ ਗੁਰੂ ਮਿਲ ਪੈਂਦਾ ਹੈ, ਉਹ ਪਰਮਾਤਮਾ ਦੀ ਹਜ਼ੂਰੀ ਵਿਚ ਸੁਰਖ਼ਰੂ ਹੁੰਦੇ ਹਨ (ਆਦਰ-ਮਾਣ ਪਾਂਦੇ ਹਨ) ।

ਹੇ ਪ੍ਰਭੂ ! (ਤੇਰੇ ਅੱਗੇ) ਨਾਨਕ ਦੀ ਬੇਨਤੀ ਹੈ-ਆਪਣੀ ਮਿਹਰ ਕਰ, (ਮੇਰੇ ਮਨ ਵਿਚ) ਤੇਰੇ ਦਰਸ਼ਨ ਦੀ ਤਾਂਘ ਬਣੀ ਰਹੇ, (ਕਿਉਂਕਿ) ਹੇ ਪ੍ਰਭੂ ! ਤੈਥੋਂ ਬਿਨਾ ਮੇਰਾ ਕੋਈ ਹੋਰ ਆਸਰਾ-ਪਰਨਾ ਨਹੀਂ ਹੈ ।

ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦੇ ਚਰਨਾਂ ਦਾ ਨਿਵਾਸ ਬਣਿਆ ਰਹੇ, ਉਸ ਨੂੰ (ਤਪਦਾ) ਹਾੜ (ਭੀ) ਸੁਹਾਵਣਾ ਜਾਪਦਾ ਹੈ (ਉਸ ਨੂੰ ਦੁਨੀਆਂ ਦੇ ਦੁੱਖ-ਕਲੇਸ਼ ਭੀ ਦੁਖੀ ਨਹੀਂ ਕਰ ਸਕਦੇ) ।੫।